ਅਧਿਆਇ 12

ਯਾਜਕਾਈ ਸੇਵਾ ਅਤੇ ਕੰਧ ਦੀ ਚੱਠ

ਨਹਮਯਾਹ 11 ਵਿਚ ਜ਼ਿਆਦਾਤਰ ਲੋਕਾਂ ਦੇ ਉਨ੍ਹਾਂ ਆਗੂਆਂ, ਯਾਜਕਾਂ ਅਤੇ ਲੇਵੀਆਂ ਦੇ ਨਾਂਅ ਹਨ ਜਿਹੜੇ ਕੰਧ ਦੇ ਬਣਨ ਤੋਂ ਬਾਅਦ ਯਰੂਸ਼ਲਮ ਵਿਚ ਰਹਿੰਦੇ ਸਨ। ਨਹਮਯਾਹ 12:1–26 ਵਿਚ ਜ਼ਰੁੱਬਾਬਲ ਦੀ ਵਾਪਸੀ ਦੇ ਸਮੇਂ ਅਤੇ ਬਾਅਦ ਦੇ ਸਮੇਂ ਦੋਹਾਂ ਵਿਚ ਯਾਜਕਾਂ ਅਤੇ ਲੇਵੀਆਂ ਦੇ ਨਾਂਅ ਹਨ। ਇਸ ਭਾਗ ਦਾ ਇਕ ਸਪੱਸ਼ਟ ਉਦੇਸ਼ ਯਾਜਕਾਈ ਦੇ ਬਣੇ ਰਹਿਣ ਨੂੰ ਵਿਖਾਉਣਾ ਸੀ। ਨਹਮਯਾਹ ਦੇ ਸਮੇਂ ਯਾਜਕ ਅਤੇ ਲੇਵੀ ਦੇ ਰੂਪ ਵਿਚ ਸੇਵਾ ਕਰਨ ਵਾਲੇ ਲੋਕ ਉਨ੍ਹਾਂ ਨਾਲ ਜੁੜੇ ਸਨ ਜਿਹੜੇ ਬਾਬਲ ਤੋਂ ਵਾਪਸ ਆਏ ਸਨ (ਵੇਖੋ 12:1, 26)। ਇਸ ਅਧਿਆਇ ਵਿਚ ਅਨੰਦ ਭਰੇ ਜਸ਼ਨ ਦਾ ਵਰਣਨ ਨਾਲ ਜਿਹੜਾ ਕੰਧ ਦੀ ਚੱਠ ਹੋਣ ਵੇਲੇ ਮਨਾਇਆ ਗਿਆ ਸੀ, ਕੰਧ ਦੇ ਫੇਰ ਤੋਂ ਬਣਾਏ ਜਾਣ ਦੀ ਕਹਾਣੀ ਵੀ ਪੂਰੀ ਹੁੰਦੀ ਹੈ (12:27–43)। ਇਸ ਵਿਚ ਇਹ ਦੱਸਦਿਆਂ ਕਿ ਕਿਵੇਂ ਲੋਕਾਂ ਦੇ ਦਸਵੰਧਾਂ ਅਤੇ ਦਾਨਾਂ ਨਾਲ ਖ਼ਤਮ ਹੁੰਦਾ ਹੈ ਜਿਹੜੇ ਹੈਕਲ ਦੇ ਵਿਚ ਰੱਖੇ ਹੋਏ ਸਨ, ਯਾਜਕਾਂ ਅਤੇ ਲੇਵੀਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਗਈਆਂ (12:44–47)।

ਯਾਜਕਾਂ ਅਤੇ ਲੇਵੀਆਂ ਦਾ ਮਹੱਤਵ ਅਤੇ ਸੇਵਾ ਦੇ ਦੋ ਵਿਸ਼ਿਆਂ ਨੂੰ ਜੋੜ ਕੇ ਕੰਧ ਦੇ ਬਣਾਏ ਜਾਣ ਦਾ ਕਾਰਣ ਯਾਦ ਦੁਆਉਂਦਾ ਹੈ। ਸਿਰਫ਼ ਖ਼ੂਬਸੂਰਤੀ ਵਧਾਉਣ ਵਾਸਤੇ ਨਹੀਂ ਬਲਕਿ ਕੰਧ ਨੂੰ ਇਸ ਕਰਕੇ ਫੇਰ ਤੋਂ ਬਣਾਇਆ ਗਿਆ ਤਾਂ ਜੋ ਖ਼ੁਦਾ ਦੇ ਲੋਕ ਉਸ ਦੀ ਬੰਦਗੀ ਕਰ ਸਕਣ ਅਤੇ ਸੁਰੱਖਿਅਤ ਉਸ ਦੀ ਸਰ੍ਹਾ ਨੂੰ ਮੰਨ ਸਕਣ। ਅਧਿਆਇ 12 ਦਾ ਫੋਕਸ ਨਿਰਮਾਣ ਕਰਨ ਵਾਲੇ ਕਰਮਚਾਰੀਆਂ ਅਤੇ ਪ੍ਰੋਜੈਕਟ ਦੇ ਪਹਿਰੇਦਾਰਾਂ ਤੋਂ ਬੰਦਗੀ ਕਰਵਾਉਣ ਵਾਲਿਆਂ, ਪੱਥਰਾਂ ਨਾਲ ਉਸਾਰੀ ਕਰਨ ਤੋਂ ਗੀਤਾਂ ਨਾਲ ਖ਼ੁਦਾ ਦੀ ਤਾਰੀਫ਼ ਕਰਨ ਵਿਚ ਬਦਲ ਜਾਂਦਾ ਹੈ।

ਯਾਜਕਾਂ ਅਤੇ ਲੇਵੀਆਂ ਦੀ ਸੇਵਾ (12:1-26)

**1ਓਹ ਜਾਜਕ ਅਤੇ ਲੇਵੀ ਜਿਹੜੇ ਸ਼ਅਲਤੀਏਲ ਦੇ ਪੁੱਤਰ ਜਰੁੱਬਾਬਲ ਅਤੇ ਯੇਸ਼ੂਆ ਦੇ ਨਾਲ ਉਤਾਹਾਂ
ਗਏ ਇਹ ਸਨ- ਸ਼ਰਾਯਾਹ, ਯਿਰਮਿਯਾਹ, ਅਜ਼ਰਾ 2ਅਮਰਯਾਹ, ਮੱਲੂਕ, ਹੱਟੂਸ਼, 3ਸ਼ਕਨਯਾਹ,
ਰਹੁਮ, ਮਰੇਮੋਥ, 4ਇੱਦੋ, ਗਿਨਥੋਈ, ਅਬੀਯਾਹ 5ਮਿੱਯਾਮੀਨ, ਮਆਦਯਾਹ, ਬਿਲਗਾਹ 6ਸ਼ਮਅਯਾਹ,
ਯੋਯਾਰੀਬ, ਯਦਆਯਾਹ 7ਸੱਲੂ, ਆਮੋਕ, ਹਿਲਕੀਯਾਹ ਅਤੇ ਯਦਆਯਾਹ, ਇਹ ਯੇਸ਼ੂਆ ਦੇ ਦਿਨਾਂ
ਵਿਚ ਜਾਜਕਾਂ ਅਤੇ ਉਨ੍ਹਾਂ ਦੇ ਭਰਾਵਾਂ ਦੇ ਮੁਖੀਏ ਸਨ।**

**8ਅਤੇ ਲੇਵੀ ਇਹ ਸਨ, -ਯੇਸ਼ੂਆ, ਬਿੰਨੂਈ, ਕਦਮੀਏਲ, ਸ਼ੇਰੇਬਯਾਹ, ਯਹੂਦਾਹ ਅਤੇ ਮੱਤਨਯਾਹ
ਜਿਹੜਾ ਆਪਣੇ ਭਰਾਵਾਂ ਸਣੇ ਧੰਨਵਾਦ ਦੇ ਗੀਤਾਂ ਉੱਤੇ ਸੀ 9ਬਕਬੁਕਯਾਹ ਅਤੇ ਉੱਨੀ, ਉਨ੍ਹਾਂ ਦੇ
ਭਰਾ ਉਨ੍ਹਾਂ ਦੇ ਸਾਹਮਣੇ ਦੇ ਰਾਖੀ ਲਈ ਸਨ 10ਯੇਸ਼ੂਆ ਤੋਂ ਯੋਯਾਕੀਮ ਜੰਮਿਆਂ ਅਤੇ ਯੋਯਾਕੀਮ ਤੋਂ
ਅਲਯਾਸ਼ੀਬ ਜੰਮਿਆਂ ਅਤੇ ਅਲਯਾਸ਼ੀਬ ਤੋਂ ਯੋਯਾਦਾ ਜੰਮਿਆਂ 11ਯੋਯਾਦਾ ਤੋਂ ਯੋਨਾਥਾਨ ਜੰਮਿਆਂ
ਅਤੇ ਯੋਨਾਥਾਨ ਤੋਂ ਯੱਦੂਆ ਜੰਮਿਆਂ।**

**12ਅਤੇ ਯੋਯਾਕੀਮ ਦੇ ਦਿਨਾਂ ਵਿਚ ਇਹ ਜਾਜਕ ਪਿਉ ਦਾਦਿਆਂ ਦੇ ਮੁਖੀਏ ਸਨ, ਸਰਾਯਾਹ ਤੋਂ
ਮਿਰਾਯਾਹ ਅਤੇ ਯਿਰਮਿਯਾਹ ਤੋਂ ਹਨੱਨਯਾਹ 13ਅਜ਼ਰਾ ਤੋਂ ਮਸ਼ੁੱਲਾਮ ਅਤੇ ਅਮਰਯਾਹ ਤੋਂ ਯਹੋਹਾਨਾਨ**

14ਮਲੂਕੀ ਤੋਂ ਯੋਨਾਥਾਨ ਅਤੇ ਸ਼ਬਨਯਾਹ ਤੋਂ ਯੂਸੁਫ਼ 15ਹਾਰੀਮ ਤੋਂ ਅਦਨਾ ਅਤੇ ਮਰਾਯੋਥ ਤੋਂ ਹਲਕਈ
16ਇੱਦੋ ਤੋਂ ਜ਼ਕਰਯਾਹ ਅਤੇ ਗਿਨਥੋਨ ਤੋਂ ਮਸ਼ੁੱਲਾਮ 17ਅਬੀਯਾਹ ਤੋਂ ਜ਼ਿਕਰੀ ਅਤੇ ਮਿਨਯਾਮੀਨ
ਤੋਂ ਅਤੇ ਮੋਅਦਯਾਹ ਤੋਂ ਪਿਲਟਾਈ 18ਬਿਲਗਾਹ ਤੋਂ ਸ਼ੰਮੂਆ ਅਤੇ ਸ਼ਮਆਯਾਹ ਤੋਂ ਯਹੋਨਾਥਾਨ
19ਯੋਯਾਰੀਬ ਤੋਂ ਮਤਨਈ ਅਤੇ ਯਦਆਯਾਹ ਤੋਂ ਉੱਜ਼ੀ 20ਸੱਲਈ ਤੋਂ ਕੱਲਈ ਅਤੇ ਆਮੋਕ ਤੋਂ ਏਬਰ
21ਹਿਲਕਯਾਹ ਤੋਂ ਹਸ਼ਬਯਾਹ ਅਤੇ ਯਦਆਯਾਹ ਤੋਂ ਨਥਨਏਲ

22ਅਲਯਾਸ਼ੀਬ ਅਰ ਯੋਯਾਦਆ ਅਰ ਯੋਹਾਨਾਨ ਅਤੇ ਯੱਦੂਆ ਦੇ ਦਿਨਾਂ ਵਿਚ ਲੇਵੀ ਦੇ ਪਿਉ
ਦਾਦਿਆਂ ਦੇ ਮੁਖੀਏ ਲਿਖੇ ਗਏ ਨਾਲੇ ਜਾਜਕ ਵੀ ਦਾਰਾ ਫ਼ਾਰਸੀ ਦੇ ਰਾਜ ਤੀਕ। 23ਲੇਵੀਆਂ ਦੇ ਪਿਉ
ਦਾਦਿਆਂ ਦੇ ਮੁਖੀਏ ਅਲਯਾਸ਼ੀਬ ਦੇ ਪੁੱਤਰ ਯੋਹਾਨਾਨ ਦੇ ਦਿਨਾਂ ਤੀਕ ਇਤਹਾਸ ਦੀ ਪੋਥੀ ਵਿਚ ਲਿਖੇ
ਗਏ 24ਅਤੇ ਲੇਵੀਆਂ ਦੇ ਮੁਖੀਏ, - ਹਸ਼ਬਯਾਹ, ਸ਼ੇਰੇਬਯਾਹ ਅਰ ਕਦਮੀਏਲ ਦਾ ਪੁੱਤਰ ਯੇਸ਼ੂਆ ਅਤੇ
ਉਨ੍ਹਾਂ ਦੇ ਭਰਾ ਪਰਮੇਸ਼ੁਰ ਦੇ ਜਨ ਦਾਊਦ ਦੇ ਹੁਕਮ ਅਨੁਸਾਰ ਉਸਤਤ ਅਤੇ ਧੰਨਵਾਦ ਲਈ ਉਨ੍ਹਾਂ ਦੇ
ਆਹਮੋ ਸਾਹਮਣੇ ਪਹਿਰੇ ਉੱਤੇ ਪਹਿਰਾ ਸਨ 25ਮੱਤਨਯਾਹ, ਬਕਬੁਕਯਾਹ, ਓਬਦਯਾਹ, ਮਸ਼ੁੱਲਾਮ,
ਟਲਮੋਨ ਅਤੇ ਅੱਕੂਬ ਦਰਬਾਨ ਸਨ ਅਤੇ ਫਾਟਕਾਂ ਦੇ ਮੋਦੀਖ਼ਾਨਿਆਂ ਉੱਤੇ ਪਹਿਰਾ ਦਿੰਦੇ ਸਨ 26ਅਤੇ
ਯੋਸਾਦਾਕ ਦੇ ਪੋਤਰੇ ਯੇਸ਼ੂਆ ਦੇ ਪੁੱਤਰ ਯੋਯਾਕੀਮ ਦੇ ਦਿਨਾਂ ਵਿਚ ਅਤੇ ਨਹਮਯਾਹ ਹਾਕਮ ਅਤੇ ਅਜ਼ਰਾ
ਜਾਜਕ ਤੇ ਲਿਖਾਰੀ ਦੇ ਦਿਨਾਂ ਵਿਚ ਇਹ ਸਨ।

ਇਨ੍ਹਾਂ ਆਇਤਾਂ ਨੂੰ ਸੱਤ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਹਰ ਹਿੱਸਾ ਯਹੂਦਾਹ ਵਿਚ ਰਹਿਣ ਵਾਲੇ ਯਾਜਕਾਂ ਜਾਂ ਲੇਵੀਆਂ ਬਾਰੇ ਸਾਡੇ ਗਿਆਨ ਵਿਚ ਵਾਧਾ ਕਰਦਾ ਹੈ।

ਆਇਤਾਂ 1-7. *ਜਾਣ–ਪਛਾਣ।* ਸ਼ੁਰੂਆਤ **ਜਾਜਕਾਂ ਅਤੇ ਲੇਵੀਆਂ ਜਿਹੜੇ ਜ਼ਰੁੱਬਾਬਲ ਦੇ ਨਾਲ ਉਤਾਹਾਂ ਗਏ** ਅਤੇ ਹੈਕਲ ਦੇ ਬਣ ਜਾਣ ਤੋਂ ਬਾਅਦ ਸੇਵਾ ਕਰਦੇ ਸਨ, ਦੇ ਨਾਂਅ ਦੇਣ ਨਾਲ ਹੁੰਦੀ ਹੈ। ਇਹ ਨਹਮਯਾਹ ਦੀ ਸੇਵਕਾਈ ਤੋਂ ਤਕਰੀਬਨ ਇਕ ਸੌ ਸਾਲ ਪਹਿਲਾਂ ਦੀ ਗੱਲ ਹੈ।

ਯਾਜਕ ਜਿਹੜੇ ਜ਼ਰੁੱਬਾਬਲ ਅਤੇ ਯੇਸ਼ੂਆ ਦੇ ਨਾਲ ਆਏ। ਪਹਿਲੇ ਸਮੂਹ ਵਿਚ **ਯੇਸ਼ੂਆ ਦੇ ਦਿਨਾਂ ਵਿਚ ਜਾਜਕਾਂ ਅਤੇ ਉਨ੍ਹਾਂ ਦੇ ਭਰਾਵਾਂ**[1] **ਦੇ ਮੁਖੀ**ਆਂ ਦੇ ਨਾਂਅ ਸ਼ਾਮਿਲ ਹਨ (12:7)। ''ਯੇਸ਼ੂਆ'' ਜ਼ਰੁੱਬਾਬਲ ਦੇ ਸਮੇਂ ਪ੍ਰਧਾਨ ਯਾਜਕ ਸੀ (ਵੇਖੋ ਅਜ਼ਰਾ 3:2, 8)। ਬਾਈ ਯਾਜਕਾਂ ਦੇ ਨਾਂਅ ਦੱਸੇ ਗਏ ਹਨ ਮਤਲਬ ਇਹ ਕਿ ਉਹ ਉਸ ਸਮੇਂ ਯਾਜਕਾਈ ਪਰਿਵਾਰਾਂ ਦੇ ''ਮੁਖੀਏ'' ਸਨ। ਦੋ ਯਾਜਕ **ਯਿਰਮਿਯਾਹ** ਅਤੇ **ਅਜ਼ਰਾ** (12:1) ਸਨ, ਇਹ ਉਹ ਅਜ਼ਰਾ ਅਤੇ ਨਹਮਯਾਹ ਨਹੀਂ ਸਨ ਜਿਨ੍ਹਾਂ ਦੇ ਨਾਂਅ ਤੇ ਪੁਰਾਣੇ ਨੇਮ ਦੀਆਂ ਦੋ ਕਿਤਾਬਾਂ ਹਨ।

ਦਾਊਦ ਦੀ ਹਕੂਮਤ ਦੌਰਾਨ ਯਾਜਕਾਂ ਨੂੰ ਚੌਵ੍ਹੀ ਪਰਿਵਾਰਾਂ ਵਿਚ ਵੰਡਿਆ ਗਿਆ ਸੀ (1 ਇਤਹਾਸ 24:1–19)। ਬਾਅਦ ਦੇ ਯਹੂਦੀ ਧਰਮ ਵਿਚ ਯਾਜਕਾਈ ਦੇ ਚੌਵ੍ਹੀ ਪਰਿਵਾਰ ਸਨ।[2]

ਆਇਤਾਂ 8, 9. *ਲੇਵੀ ਜਿਹੜੇ ਜ਼ਰੁੱਬਾਬਲ ਅਤੇ ਯੇਸ਼ੂਆ ਦੇ ਨਾਲ ਆਏ।* ਹੋਰਨਾਂ ਸੂਚੀਆਂ ਵਾਂਗ ਇਨ੍ਹਾਂ ਵਿਚ ਵੀ ਲੇਵੀ ਯਾਜਕਾਂ ਨਾਲੋਂ ਘੱਟ ਹਨ, ਜੋ ਬਾਬਲ ਤੋਂ ਅਜ਼ਰਾ ਦੀ ਵਾਪਸੀ ਦੇ ਸਬੰਧ ਵਿਚ ਦੱਸੇ ਗਏ ਲੇਵੀਆਂ ਦੀ ਘੱਟ ਗਿਣਤੀ ਨੂੰ ਵਿਖਾਉਂਦਾ ਹੈ (ਅਜ਼ਰਾ 8:15–20)। ਇੱਥੇ ਅੱਠ ਲੇਵੀਆਂ ਦੇ ਨਾਂਅ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਇਕ **ਮੱਤਨਯਾਹ ਆਪਣੇ ਭਰਾਵਾਂ** ਨਾਲ **ਧੰਨਵਾਦ ਦੇ ਗੀਤਾਂ ਉੱਤੇ** ਪ੍ਰਧਾਨ ਸੀ। ਦੂਜੇ ਸ਼ਬਦਾਂ ਵਿਚ, ਉਹ ਪ੍ਰਮੁੱਖ ਗਵੱਈਆ ਸੀ। ਦੋ ਹੋਰ ਲੇਵੀ, **ਕਬੁਕਯਾਹ ਅਤੇ ਉੱਨੀ ਅਤੇ ਉਨ੍ਹਾਂ ਦੇ ਭਰਾ ਉਨ੍ਹਾਂ ਦੇ ਸਾਹਮਣੇ** ਖਲੋਂਦੇ ਸਨ। ਉਨ੍ਹਾਂ ਦੀ ਸਥਿਤੀ ਤੋਂ ਗਾਉਣ ਦੇ ਦੁਗਾਣੇ ਗਾਉਣ ਦਾ ਸੁਝਾਅ ਮਿਲਦਾ ਹੈ, ਜਿਸ ਵਿਚ ਇਕ ਟੋਲੀ ਗਾਉਂਦੀ ਹੈ ਅਤੇ ਫਿਰ ਇਕ ਦੂਜੀ ਟੋਲੀ ਗੀਤ 'ਚ ਹੀ ਉਨ੍ਹਾਂ ਨੂੰ ਜਵਾਬ ਦਿੰਦੀ ਹੈ।

ਆਇਤਾਂ 10, 11. *ਪ੍ਰਧਾਨ ਯਾਜਕ ਦੀ ਵੰਸ਼ਾਵਲੀ।* ਇੱਥੇ ਲੇਖਕ ਨੇ ਜ਼ਰੁੱਬਾਬਲ ਦੇ ਸਮੇਂ ਤੋਂ

ਪ੍ਰਧਾਨ ਯਾਜਕਾਂ ਦੀ ਕੁਲਪੱਤਰੀ ਦੇ ਦਿੱਤੀ, ਜੋ ਸੰਭਵ ਤੌਰ ਤੇ ਉਸ ਦੇ ਲਿਖੇ ਜਾਣ ਦੇ ਸਮੇਂ ਤਕ ਦੀ ਸੀ। ਉਸਨੇ **ਯੇਸ਼ੂਆ - ਯੋਯਾਕੀਮ - ਅਲਯਾਸ਼ੀਬ - ਯੋਯਾਦਾ - ਯੋਨਾਥਾਨ - ਯੱਦੂਆ** ਦੀਆਂ ਛੇ ਪੀੜ੍ਹੀਆਂ ਸ਼ਾਮਿਲ ਕੀਤੀਆਂ। ਇਸ ਕੁਲਪੱਤਰੀ ਦਾ ਉਦੇਸ਼ ਮੌਜੂਦਾ ਪੀੜ੍ਹੀ (ਨਹਮਯਾਹ ਦੇ ਸਮੇਂ ਦੇ ਯਹੂਦੀਆਂ) ਨੂੰ ਅਸੀਰੀ ਤੋਂ ਵਾਪਸ ਆਉਣ ਵਾਲੇ ਯਹੂਦੀਆਂ ਨਾਲ ਅਤੇ ਇਸ ਤਰ੍ਹਾਂ ਨਾਲ ਪ੍ਰਾਚੀਨ ਇਸਰਾਏਲ ਨਾਲ ਜੋੜਨਾ ਲਗਦਾ ਹੈ। ਇਸ ਵੰਸ਼ਾਵਲੀ ਨਾਲ ਇਹ ਵਿਖਾਇਆ ਗਿਆ ਕਿ ਯਾਜਕਾਂ ਦੇ ਰੂਪ ਵਿਚ ਸੇਵਾ ਕਰਨ ਵਾਲੇ ਲੋਕ ਜਾਇਜ਼ ਤਰੀਕੇ ਨਾਲ ਹਾਰੂਨ ਅਤੇ ਉਸ ਦੀ ਸੰਤਾਨ ਦੀ ਪੈੜ ਤੇ ਚੱਲ ਰਹੇ ਸਨ।

ਇਨ੍ਹਾਂ ਆਇਤਾਂ ਵਿਚਲੇ ਪ੍ਰਧਾਨ ਯਾਜਕਾਂ ਵਿੱਚੋਂ ਦੋਹਾਂ ਉੱਤੇ ਖ਼ਾਸ ਧਿਆਨ ਦਿੱਤਾ ਗਿਆ ਹੈ। ਪਹਿਲਾ, ''ਯੋਨਾਥਾਨ'' ਨੂੰ ਉਹੀ ਪ੍ਰਾਧਨ ਯਾਜਕ ਵਜੋਂ ਪਛਾਣਿਆ ਜਾਣਾ ਚਾਹੀਦਾ ਹੈ ਜਿਸ ਨੂੰ 12:22, 23 ਅਤੇ ਅਜ਼ਰਾ 10:6 ਵਿਚ ''ਯੋਹਾਨਾਨ'' *[ਅਜ਼ਰਾ 10:6 ਵਿਚ NASB ਵਿਚ ਯਹੋਹਾਨਾਨ – ਅਨੁਵਾਦਕ]* ਕਿਹਾ ਗਿਆ ਹੈ।[3]

ਦੂਜਾ ''ਯੱਦੂਆ'' ਆਪਣੀ ਪ੍ਰਧਾਨ ਯਾਜਕ ਵਾਲੀ ਸੇਵਾ ਦੀ ਮਿਤੀ ਤੇ ਸਵਾਲਾਂ ਕਰਕੇ ਕਾਫ਼ੀ ਚਰਚਾ ਦਾ ਵਿਸ਼ਾ ਰਿਹਾ ਹੈ। ਜੋਸੇਫ਼ਸ ਦੇ ਮੁਤਾਬਕ ''ਯੱਦੂਆ'' ਨਾਮਕ ਯਾਜਕ ਸਿਕੰਦਰ ਮਹਾਨ ਨੂੰ ਮਿਲਿਆ ਜਦ 332 ਈ.ਪੂ. ਦੇ ਨੇੜ–ਤੇੜੇ ਉਹ ਯੂਨਾਨੀ ਬਾਦਸ਼ਾਹ ਯਰੂਸ਼ਲਮ ਪਹੁੰਚਿਆ।[4] ਕੁਝ ਟੀਕਾਕਾਰ ਇਹ ਜ਼ੋਰ ਦਿੰਦੇ ਹਨ ਕਿ ਜੇ ਇਹ ਦੋਵੇਂ ਯੱਦੂਆ ਇੱਕੋ ਹੀ ਸ਼ਖ਼ਸ ਸਨ ਤਾਂ ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ 330 ਈ.ਪੂ. ਦੇ ਬਾਅਦ ਤਕ ਪੂਰੀਆਂ ਨਹੀਂ ਹੋਈਆਂ ਸਨ। ਉਹ ਦਲੀਲ ਦਿੰਦੇ ਹਨ ਕਿ 12:22 ਵਿਚਲੇ ਚਾਰ ਯਾਜਕਾਂ ਦਾ ਨਾਂਅ ''ਅਰ ਯੋਹਨਾਨ ਅਤੇ ਯੱਦੂਆ'' ਸ਼ਬਦਾਂ ਨਾਲ ਖ਼ਤਮ ਹੋ ਜਾਂਦਾ ਹੈ (ਅੰਗ੍ਰੇਜ਼ੀ ਵਾਂਗ ਇਬਰਾਨੀ ਵਿਚ)। ਸਿਰਫ਼ ਇੱਕੋ ''ਅਰ'' ''ਜਾਂ'' ਜ਼ਰੂਰੀ ਹੈ। ਅਤੇ ਉਨ੍ਹਾਂ ਦਾ ਸੁਝਾਅ ਹੈ ਕਿ ''ਯੱਦੂਆ'' ਬਾਅਦ ਦੇ ਕਿਸੇ ਸੰਪਾਦਕ ਵੱਲੋਂ ਜੋੜਿਆ ਗਿਆ ਹੈ।

ਜੇ ਨਹਮਯਾਹ ਦੇ ਸਮੇਂ ਵਾਲਾ ਯੱਦੂਆ ਬਹੁਤ ਛੋਟਾ ਸੀ ਤਾਂ ਉਹ ਬੁਢਾਪੇ ਵਿਚ ਸਿਕੰਦਰ ਨੂੰ ਮਿਲਿਆ ਹੋਵੇਗਾ। ਪਰ ਜੋਸੇਫ਼ਸ ਵੱਲੋਂ ਦੱਸਿਆ ਗਿਆ ਯੱਦੂਆ ਨਹਮਯਾਹ 12 ਵਾਲਾ ਯੱਦੂਆ ਨਹੀਂ ਹੋਵੇਗਾ। ਪੁਰਾਣੇ ਨੇਮ ਦੇ ਸਮਿਆਂ ਵਿਚ ਅੱਜ ਵਾਂਗ ਹੀ ਕਈ ਜਗ੍ਹਾ ਪਰਿਵਾਰਿਕ ਨਾਂਅ ਦੁਹਰਾਉਣਾ ਆਮ ਗੱਲ ਸੀ। ਭਾਵੇਂ ਅਸੀਂ ਪੱਕਾ ਨਹੀਂ ਆਖ ਸਕਦੇ ਪਰ ਇਹ ਸੰਭਾਵਨਾ ਵੱਧ ਲਗਦੀ ਹੈ ਕਿ ਸਿਕੰਦਰ ਮਹਾਨ ਨੂੰ ਮਿਲਣ ਵਾਲਾ ਯੱਦੂਆ ਇਸ ਅਧਿਆਇ ਵਿਚਲੇ ਯੱਦੂਆ ਦਾ ਵੰਸ਼ਜ ਸੀ। ਕਈ ਤਾਂ ਇੱਥੋਂ ਤਕ ਸੋਚਦੇ ਹਨ ਕਿ ਜੋਸੇਫ਼ਸ ਬਿਲਕੁਲ ਗਲਤ ਸੀ। ਇਸ ਕਰਕੇ ਇਹ ਦਾਅਵਾ ਕਿ ਬਾਅਦ ਦੇ ਕਿਸੇ ਸੰਪਾਦਕ ਨੇ 330 ਈ.ਪੂ. ਤੋਂ ਬਾਅਦ ਨਹਮਯਾਹ ਵਿਚ ਯੱਦੂਆ ਦਾ ਨਾਂਅ ਜੋੜ ਦਿੱਤਾ, ਸੰਭਵ ਨਹੀਂ ਲਗਦਾ।[5] ਨਾਂਅ ਦਿੱਤੇ ਜਾਣ ਦੇ ਸਪੱਸ਼ਟ ਕਾਰਣ ਕਰਕੇ ਇਹ ਸੰਭਾਵਨਾ ਬਹੁਤੀ ਲਗਦੀ ਹੈ ਕਿ ਯੱਦੂਆ ਨਹਮਯਾਹ ਦਾ ਸਮਕਾਲੀ ਸੀ (ਭਾਵੇਂ ਜ਼ਰੂਰੀ ਨਹੀਂ ਕਿ ਨਹਮਯਾਹ ਦੇ ਸਮੇਂ ਪ੍ਰਧਾਨ ਯਾਜਕ ਹੀ ਹੋਵੇ)। ਇਹ ਮੰਨਣ ਦਾ ਕੋਈ ਜਾਇਜ਼ ਕਾਰਣ ਨਹੀਂ ਹੈ ਕਿ ਕਿਤਾਬ 330 ਈ.ਪੂ. ਦੇ ਬਾਅਦ ਪੂਰੀ ਹੋਈ।

ਆਇਤਾਂ 12-21. *ਯਾਜਕ, ਪੁਰਖਿਆਂ ਦੇ ਘਰਾਣਿਆਂ ਦੇ ਸਰਦਾਰ ਜਿਹੜੇ ਯੇਸ਼ੂਆ ਦੇ ਸਮੇਂ ਤੋਂ ਬਾਅਦ ਸੇਵਾ ਕਰਦੇ ਸਨ।* ਇਹ ਵਿਖਾਉਣ ਲਈ ਕਿ ਉਸ ਦੇ ਸਮੇਂ ਦੇ ਯਾਜਕਾਂ ਨੂੰ ਉਸ ਅਹੁਦੇ ਤੇ ਸੇਵਾ ਕਰਨ ਦਾ ਹੱਕ ਸੀ, ਲੇਖਕ ਨੇ ਆਪਣੇ ਸਮੇਂ ਦੇ ਯਾਜਕਾਂ ਨੂੰ ਬਾਬਲ ਤੋਂ ਆਉਣ ਵਾਲੇ ਯਾਜਕਾਂ ਨਾਲ ਜੋੜਿਆ (12:1–7)। ਉਸ ਨੇ ਫੇਰ ਤੋਂ ਜ਼ਰੁੱਬਾਬਲ ਅਤੇ ਯੇਸ਼ੂਆ ਦੇ ਦਿਨਾਂ ਤੋਂ ਯਾਜਕਾਂ ਦੇ ਨਾਂਅ ਦਿੱਤੇ; ਅਤੇ ਹਰ ਯਾਜਕ ਦੇ ਨਾਂਅ ਤੋਂ ਬਾਅਦ ਉਸ ਨੇ ਮੌਜੂਦਾ ਸਮੇਂ ਵਿਚ ਉਸਦੇ ਵੰਸ਼ਜ ਯਾਜਕ ਦਾ ਨਾਂਅ ਦਿੱਤਾ।

ਯੇਸ਼ੂਆ ਦੇ ਦਿਨਾਂ ਤੋਂ ਯਾਜਕਾਂ ਦੇ ਨਾਂਵਾਂ ਦੀਆਂ ਦੋਹਾਂ ਸੂਚੀਆਂ ਨੂੰ ਵੇਖਣ ਤੇ ਥੋੜ੍ਹੇ–ਥੋੜ੍ਹੇ ਫ਼ਰਕ ਮਿਲਦੇ ਹਨ। 12:12–21 ਵਾਲੀ ਸੂਚੀ ਵਿਚ ਸਿਰਫ਼ ਇੱਕੀ ਨਾਂਅ ਹਨ ਕਿਉਂ ਜੋ ''ਹੱਟੂਸ਼''

(12:2; ਪਹਿਲੀ ਸੂਚੀ ਵਿਚ ਛੇਵਾਂ) ਦਾ ਨਾਂਅ ਕੱਢ ਦਿੱਤਾ ਗਿਆ। ਇਨ੍ਹਾਂ ਦੋਹਾਂ ਸੂਚੀਆਂ ਵਿਚ ਨਾਂਵਾਂ ਦੇ ਸਪੈਲਿੰਗ ਵੀ ਕੁਝ ਕੁਝ ਫ਼ਰਕ ਹਨ:

''ਮੱਲੂਕ'' (12:2) **ਮਲੂਕੀ** ਬਣ ਗਿਆ ਹੈ (12:14);
''ਸ਼ਕਨਯਾਹ'' (12:3) **ਸ਼ਬਨਯਾਹ** ਬਣ ਗਿਆ ਹੈ (12:14);
''ਰਹੂਮ'' (12:3) ਹੁਣ **ਹਾਰੀਮ** ਹੈ (12:15);
''ਮਰੇਮੋਥ'' (12:3) **ਮਰਾਯੋਥ** ਬਣ ਗਿਆ ਹੈ (12:15);
''ਗਿਨਥੋਈ'' (12:4) **ਗਿਨਥੋਨ** ਬਣ ਗਿਆ ਹੈ (12:16);
''ਮਿੱਯਾਮੀਨ'' (12:5) ਹੁਣ **ਮਿਨਯਾਮੀਨ** ਹੈ (12:17);
''ਮਆਦਯਾਹ'' (12:5) **ਮੋਅਦਯਾਹ** ਬਣ ਗਿਆ ਹੈ (12:17);
''ਸੱਲੂ'' (12:7) ਹੁਣ **ਸੱਲਈ** ਹੈ (12:20)।[6]

ਅਜਿਹਾ ਲਗਦਾ ਹੈ ਕਿ ਮਿੱਯਾਮੀਨ/ਮਿਨਯਾਮੀਨ ਦੇ ਸਮਕਾਲੀ ਵੰਸ਼ਜ ਦਾ ਨਾਂਅ ਨਹੀਂ ਦਿੱਤਾ ਗਿਆ (12:17)। ਬੇਹੱਦ ਸਾਵਧਾਨੀ ਨਾਲ ਨਕਲ ਕੀਤੇ ਜਾਣ ਦੇ ਬਾਵਜੂਦ, ਸਦੀਆਂ ਤਕ ਲਿਖਾਰੀਆਂ ਤੋਂ ਸਪੈਲਿੰਗ ਵਿਚ ਗਲਤੀਆਂ ਹੁੰਦੀਆਂ ਰਹੀਆਂ ਪਰ ਇਨ੍ਹਾਂ ਛੋਟੀਆਂ ਛੋਟੀਆਂ ਗਲਤੀਆਂ ਨਾਲ ਲਿਖਤ ਦੇ ਅਰਥ ਜਾਂ ਮਹੱਤਵ ਉੱਤੇ ਅਸਰ ਨਹੀਂ ਪੈਂਦਾ।[7] ਇਹ ਹਵਾਲਾ ਅੱਜ ਵੀ ਸਮੇਂ ਦੇ ਯਾਜਕਾਂ ਦੇ ਨਾਲ ਅਜ਼ਰਾ ਅਤੇ ਨਹਮਯਾਹ ਦੇ ਸਮੇਂ ਦੇ ਯਾਜਕਾਂ ਦੇ ਬਣੇ ਰਹਿਣ ਦੀ ਤਸਦੀਕ ਕਰਦਾ ਹੈ।

ਆਇਤਾਂ 22, 23. *ਲੇਵੀਆਂ ਬਾਰੇ ਜਾਣਕਾਰੀ ਦੇ ਸਰੋਤ।* ਲੇਖਕ ਯਾਜਕਾਂ ਦੇ ਨਾਂਅ ਦੇਣ ਤੋਂ ਪ੍ਰਮੁੱਖ ਲੇਵੀਆਂ ਦੇ ਨਾਂਅ ਦੇਣ ਵੱਲ ਮੁੜ ਗਿਆ। ਸ਼ੁਰੂਆਤ ਉਸਨੇ ਆਪਣੇ ਸਰੋਤ ਲੇਵੀਆਂ ਦੇ ਪਰਿਵਾਰ ਦੇ **ਪਿਉ ਦਾਦਿਆਂ ਦੇ ਮੁਖੀਏ** (ਯਾਜਕਾਂ ਦੇ ਨਾਲ ਨਾਲ) ਦਾ ਨਾਂਅ ਦਰਜ ਕਰਕੇ ਕੀਤੀ ਜਦ **ਅਲਯਾਸ਼ੀਬ, ਯੋਯਾਦਆ ਅਰ ਯੋਹਾਨਾਨ ਅਤੇ ਯੱਦੂਆ ਦਾਰਾ ਫ਼ਾਰਸੀ** ਦੇ ਸਮੇਂ ਵਿਚ ਪ੍ਰਧਾਨ ਯਾਜਕ ਸਨ।

ਇਸ ਸੰਦਰਭ ਵਿਚ ''ਦਾਰਾ ਫ਼ਾਰਸੀ'' ਦੀ ਪਛਾਣ ਉੱਤੇ ਤਕਰਾਰ ਹੈ। ਕਿਤਾਬ ਦੇ ਆਖ਼ਰੀ ਸੰਸਕਰਣ ਦੇ ਲਿਖੇ ਜਾਣ ਲਈ ਬਾਅਦ ਦਾ ਸਮਾਂ ਮੰਨਦੇ ਹੋਏ ਇਸ ਨੂੰ ਦਾਰਾ ਤੀਜੇ ਕੋਡੋਮੈਨਸ ਦੇ ਹਵਾਲੇ ਵਿਚ ਵੇਖਦੇ ਹਾਂ (336–331 ਈ.ਪੂ.)। ਬਹੁਤ ਸਾਰੇ ਰੂੜੀਵਾਦੀ ਟੀਕਾਕਾਰਾਂ ਸਣੇ, ਹੋਰਨਾਂ ਦਾ ਮੰਨਣਾ ਹੈ ਕਿ ਇਹ ਦਾਰਾ ਦੂਜਾ ਨੌਠੁਸ ਸੀ (423–404 ਈ.ਪੂ.)। ਐੱਚ. ਜੀ. ਐੱਮ. ਵਿਲੀਅਮਸਨ ਦਾ ਮੰਨਣਾ ਸੀ ਕਿ ਇਹ ਦਾਰਾ ਪਹਿਲਾ ਹੈ (522–486 ਈ.ਪੂ.)। ਉਸ ਨੇ ਆਖਿਆ, ''ਦਾਰਾ ਪਹਿਲੇ ਨੂੰ ਦਾਰਾ ਮਾਦੀ ਨਾਲੋਂ ਫ਼ਰਕ ਕਰਨ ਲਈ 'ਦਾਰਾ' ਨੂੰ ਕਹਿਣ ਦਾ ਇਕ ਤਰੀਕਾ ਹੈ।''[8] ਜੇ ਵਿਲੀਅਮਸਨ ਸਹੀ ਹੈ, ਤਾਂ ਵਿਚਾਰ ਇਹ ਹੈ ਕਿ ਯਾਜਕਾਂ ਅਤੇ ਲੇਵੀਆਂ ਦਾ ਇਹ ਨਾਮ ਲਿਖਿਆ ਜਾਣਾ ''ਦਾਰਾ ਫ਼ਾਰਸੀ'' ਦੇ ਦਿਨਾਂ ਵਿਚ ਸ਼ੁਰੂ ਹੋਇਆ ਅਤੇ ਵਰਤਮਾਨ ਵਿਚ ਮੌਜੂਦਾ ਜਾਂ ਬਾਕੀ ਦੇ ਢੁਕਵੇਂ ਪਣ ਤਕ ਜਾਰੀ ਰਿਹਾ। ਪਰ ਬਾਈਬਲ ਦੇ ਕਈ ਸੰਸਕਰਣਾਂ ਵਿਚ ਸੰਕੇਤ ਮਿਲਦਾ ਹੈ ਕਿ ਨਾਮ ਲਿਖੇ ਜਾਣ ਦੀ ਸ਼ੁਰੂਆਤ ਦੀ ਬਜਾਇ ''ਦਾਰਾ ਫ਼ਾਰਸੀ'' ਦੀ ਹਕੂਮਤ ਉਸ ਦੀ ਆਖ਼ਰੀ ਗੱਲ ਹੈ (ਵੇਖੋ NRSV; REB; NAB; NJB)। ਜੇ ਇਹ ਸਹੀ ਹੈ ਤਾਂ ਸਭ ਤੋਂ ਵੱਧ ਸੰਭਾਵਨਾ ਇਹ ਹੈ ਕਿ ਦਾਰਾ ਦੂਜਾ ਨੌਠੁਸ (423–404 ਈ.ਪੂ.) ਹੀ ਸੀ।

ਇਹ ਨਾਮ ਲਿਖਾਈ **ਇਤਹਾਸ ਦੀ ਪੋਥੀ**, ਜਾਂ ''ਸਾਲ ਨਾਮਾ'' (NIV),[9] ਵਿਚ ਦਰਜ ਕੀਤੀ ਗਈ ਸੀ ਅਤੇ ਇਸ ਨੂੰ **ਅਲਯਾਸ਼ੀਬ ਦੇ ਪੁੱਤਰ ਯੋਹਾਨਾਨ ਦੇ ਦਿਨਾਂ ਤੀਕ** ਅਪ–ਟੂ–ਡੇਟ ਰੱਖਿਆ ਗਿਆ। ''ਯੋਹਾਨਾਨ'' ਨੂੰ ਭਾਵੇਂ ''ਅਲਯਾਸ਼ੀਬ ਦਾ ਪੁੱਤਰ'' ਕਿਹਾ ਗਿਆ ਹੈ, ਪਰ ਹੈ ਉਹ ਅਸਲ ਵਿਚ ''ਅਲਯਾਸ਼ੀਬ ਦਾ ਪੋਤਾ'' ਸੀ।[10] 10 ਅਤੇ 11 ਆਇਤਾਂ ਵਿਚ ਪਤਾ ਲਗਦਾ ਹੈ

ਕਿ ''ਅਲਯਾਸ਼ੀਬ ਤੋਂ ਯੋਯਾਦਾ ਜੰਮਿਆ, ਯੋਯਾਦਾ ਤੋਂ ਯੋਨਾਥਾਨ [ਯੋਹਾਨਾਨ] ਜੰਮਿਆ।'' ਇਸ ਕਰਕੇ ''ਪੁੱਤਰ'' ਦਾ ਮਤਲਬ ਇੱਥੇ ''ਪੋਤਾ'' ਜਾਂ ''ਵੰਸ਼ਜ'' ਹੋਣਾ ਚਾਹੀਦਾ ਹੈ।

ਆਇਤਾਂ 24-26. *ਲੇਵੀਆਂ ਦੇ ਪਰਿਵਾਰਿਕ ਆਗੂ ਜਿਨ੍ਹਾਂ ਨੇ ਯੇਸ਼ੂਆ ਦੇ ਸਮੇਂ ਤੋਂ ਬਾਅਦ ਸੇਵਾ ਕੀਤੀ।* ਲੇਖਕ **ਲੇਵੀਆਂ** ਦੇ ਪਰਿਵਾਰਿਕ ਆਗੂਆਂ ਦੇ ਨਾਂਅ ਦਿੰਦਾ ਹੋਇਆ ਆਪਣੀ ਖੋਜ ਦੇ ਨਤੀਜਿਆਂ ਨੂੰ ਦੱਸਣ ਲਈ ਲੇਖਕ ਅੱਗੇ ਵਧਿਆ। ਉਨ੍ਹਾਂ ਵਿੱਚੋਂ ਦਸਾਂ ਦੇ ਨਾਂਅ ਇੱਥੇ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕੁਝ ਨਾਂਅ ਉਨ੍ਹਾਂ ਲੇਵੀਆਂ ਦੇ ਨਾਵਾਂ ਵਿਚ ਮਿਲਦੇ ਹਨ ਜਿਹੜੇ ਬਾਬਲ ਤੋਂ ਆਏ ਸਨ। ਇਸ ਤੱਥ ਦੀ ਇਕ ਵਿਆਖਿਆ ਇਹ ਹੈ ਕਿ ਇਨ੍ਹਾਂ ਆਇਤਾਂ ਵਿਚਲੇ ਲੋਕਾਂ ਦੇ ਨਾਂਅ ਉਨ੍ਹਾਂ ਦੇ ਪੁਰਖਿਆਂ ਦੇ ਨਾਂਵਾਂ ਦੇ ਨਾਲ ਦਿੱਤੇ ਗਏ। ਇਕ ਹੋਰ ਸੰਭਾਵਨਾ ਇਹ ਹੈ ਕਿ ਦਿੱਤੇ ਗਏ ਨਾਂਅ ਪਰਿਵਾਰਿਕ ਨਾਂਅ ਹਨ ਅਤੇ ਇਹ ਸੂਚੀ ਇਹ ਵਿਖਾਉਣ ਲਈ ਸੀ ਕਿ ਲੇਵੀਆਂ ਦੇ ਉਹੀ ਪਰਿਵਾਰ ਜ਼ਰੁੱਬਾਬਲ ਦੇ ਸਮੇਂ ਤੋਂ ਲੈ ਕੇ ਨਹਮਯਾਹ ਦੇ ਦਿ ਨਾਂ ਤਕ ਹੈਕਲ ਵਿਚ ਸੇਵਾ ਕਰਦੇ ਰਹੇ ਸਨ।

ਲਿਖਤ ਫੇਰ ਇਹ ਸੰਕੇਤ ਦਿੰਦੀ ਹੈ ਕਿ ਕੁਝ ਲੇਵੀਆਂ ਨੇ ਹੈਕਲ ਦੀ ਸੇਵਾ ਵਿਚ ਦੁਗਾਣੇ ਦੇ ਰੂਪ ਵਿਚ ਗਾਇਆ ਜਿਸ ਵਿਚ **ਉਨ੍ਹਾਂ ਦੇ ਭਰਾ ਉਨ੍ਹਾਂ ਦੇ ਆਮੋ ਸਾਹਮਣੇ** ਸਨ। ਉਨ੍ਹਾਂ ਨੇ **ਪਰਮੇਸ਼ੁਰ ਦੇ ਜਨ ਦਾਊਦ** ਦੇ **ਹੁਕਮ** ਜਾਂ ''ਵਿਧੀ'' (NJPSV) ਦੇ ਮੁਤਾਬਕ ਕੀਤਾ (12:24; ਵੇਖੋ 1 ਇਤਹਾਸ 16:4–6; 23:27–31; 25:1–8; 2 ਇਤਹਾਸ 8:14)।

ਨਹਮਯਾਹ 12 ਵਿਚ ਦਾਊਦ ਦਾ ਨਾਂਅ ਉੱਘੜਵਾਂ ਹੈ। ਅਸੀਂ ''ਪਰਮੇਸ਼ੁਰ ਦੇ ਜਨ ਦਾਊਦ'' (12:24, 36); ''ਦਾਊਦ ਦੇ ਸ਼ਹਿਰ'' ਅਤੇ ''ਦਾਊਦ ਦੇ ਮਹਿਲ'' (12:37); ''ਦਾਊਦ ਦੇ ਹੁਕਮ'' (12:45); ''ਦਾਊਦ ਦੇ ਦਿਨਾਂ'' (12:46) ਪੜ੍ਹਦੇ ਹਾਂ। ਲੇਖਕ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜੋ ਕੁਝ ਉਸ ਮੌਕੇ ਤੇ ਹੋ ਰਿਹਾ ਸੀ ਉਹ ਦਾਊਦ ਦੇ ਰਾਜ ਦੇ ਸ਼ਾਨਦਾਰ ਦਿਨਾਂ ਨੂੰ ਯਾਦ ਕਰਾਉਂਦਾ ਸੀ। ਉਸ ਨੂੰ ''ਪਰਮੇਸ਼ੁਰ ਦਾ ਜਨ'' (ਵੇਖੋ 12:36; 2 ਇਤਹਾਸ 8:14) ਆਖਣਾ ਅਸਾਧਾਰਣ ਗੱਲ ਹੈ ਕਿਉਂ ਜੋ ਇਸ ਅਹੁਦੇ ਦੀ ਵਰਤੋਂ ਆਮ ਤੌਰ ਤੇ ਉਸ ਵਿਅਕਤੀ ਲਈ ਕੀਤੀ ਜਾਂਦੀ ਸੀ ਜਿਸ ਨੇ ਨਬੀ ਦੇ ਰੂਪ ਵਿਚ ਸੇਵਾ ਕੀਤੀ ਹੋਵੇ। ਸ਼ਾਇਦ ਇਹ ਵਰਤੋਂ ਇੱਥੇ ਇਹ ਸੁਝਾਅ ਦਿੰਦੀ ਹੈ ਕਿ ਲੇਖਕ ਦਾਊਦ ਨੂੰ ਕਿਸੇ ਅਰਥ ਵਿਚ ਖ਼ੁਦਾ ਦਾ ਨਬੀ ਹੀ ਮੰਨਦਾ ਸੀ (ਵੇਖੋ ਕਰਤੱਬ 2:29, 30)।

ਮੱਤਨਯਾਹ, ਬਕਬੁਕਯਾਹ ਅਤੇ **ਓਬਦਯਾਹ** (''ਅਬਦਾ'') ਦਾ ਨਾਂਅ ਪਹਿਲਾਂ 11:17 ਵਿਚ ਗਵੱਈਆਂ ਦੇ ਮੁਖੀਆਂ ਵਜੋਂ ਦਿੱਤਾ ਗਿਆ ਸੀ। ਐੱਫ਼. ਚਾਰਲਸ ਫ਼ੈਂਨਸ਼ਮ ਦਾ ਮੰਨਣਾ ਸੀ ਕਿ ਉਹ 12:25 ਵਾਲੇ ਵਰਗ ਵਿਚ ਹੀ ਹੁਣੇ ਚਾਹੀਦੇ ਹਨ; ਉਸ ਦਾ ਸੁਝਾਅ ਸੀ ਕਿ ''ਓਬਦਯਾਹ'' ਦੇ ਬਾਅਦ ''ਗਵੱਈਏ ਸਨ'' ਸ਼ਬਦ ਜੋੜੇ ਜਾਣ।[11] ਡੇਰੇਕ ਕਿਡਨਰ ਨੇ ਸੁਝਾਅ ਦਿੱਤਾ ਕਿ ਜਦ ਤਕ 12:24 ਵਿਚ ਉਨ੍ਹਾਂ ਦੇ ਨਾਂਅ ਨਹੀਂ ਜੋੜੇ ਜਾਂਦੇ ਤਦ ਤਕ ਤਿੰਨੇ ਲੇਵੀ ਗਵੱਈਏ ਅਤੇ **ਦਰਬਾਨ** ਹੋ ਸਕਦੇ ਹਨ।[12] **ਮਸ਼ੁੱਲਾਮ, ਟਲਮੋਨ ਅਤੇ ਅੱਕੂਬ** ਦਰਬਾਨਾਂ ਦੇ ਰੂਪ ਵਿਚ ਕੰਮ ਕਰਨ ਵਾਲੇ ਤਿੰਨ ਹੋਰ ਲੇਵੀ ਸਨ। 11:19 ਵਿਚ ''ਅੱਕੂਬ'' ਅਤੇ ''ਟਲਮੋਨ'' ਨੂੰ ਵੀ ''ਦਰਬਾਨ'' ਦੱਸਿਆ ਗਿਆ ਹੈ। ਉਨ੍ਹਾਂ ਦਾ ਕੰਮ **ਫਾਟਕਾਂ ਦੇ ਮੋਦੀਖ਼ਾਨਿਆਂ ਉੱਤੇ ਪਹਿਰਾ** ਦੇਣਾ ਸੀ (12:25)।

ਵਚਨ ਅੱਗੇ ਸਾਫ਼ ਕਰਦਾ ਹੈ ਕਿ ਜਿਨ੍ਹਾਂ ਦੇ ਨਾਂਅ ਦਿੱਤੇ ਗਏ ਉਹ **ਯੋਯਾਕੀਮ ਦੇ ਦਿਨਾਂ** ਤੋਂ ਲੈ ਕੇ **ਨਹਮਯਾਹ ... ਅਤੇ ਅਜ਼ਰਾ ਦੇ ਦਿਨਾਂ** ਤਕ ਕੰਮ ਕਰਦੇ ਸਨ। ਨਹਮਯਾਹ ਦਾ ਨਾਂਅ ਅਜ਼ਰਾ ਦੇ ਨਾਂਅ ਨਾਲੋਂ ਪਹਿਲਾਂ ਆਉਂਦਾ ਹੈ, ਕਿਉਂ ਜੋ ਉਹ ਲੋਕਾਂ ਦਾ ਅਧਿਕਾਰਿਕ ਲੀਡਰ, ਸੂਬੇ ਦਾ **ਹਾਕਮ** ਸੀ (12:26)।

ਕੰਧ ਦੀ ਚੱਠ (12:27-43)

ਅਧਿਆਇ ਦੇ ਇਸ ਭਾਗ ਵਿਚ ਯਰੂਸ਼ਲਮ ਦੀ ਕੰਧ ਦੇ ਬਣਾਏ ਜਾਣ ਦੀ ਚੱਠ ਦੀ ਇਕ ਯਾਦਗਾਰੀ ਘਟਨਾ ਹੈ। ਉੱਤਮ ਪੁਰਖ (''ਮੈਂ''; 12:31, 38, 40) ਵਿਚ ਵਰਤਦੇ ਹੋਏ ਵਚਨ ਵਾਪਸ ਆ ਜਾਂਦਾ ਹੈ।

ਤਿਆਰੀ (12:27-30)

[27]ਯਰੂਸ਼ਲਮ ਦੀ ਕੰਧ ਦੀ ਚੱਠ ਵਿਚ ਉਨ੍ਹਾਂ ਨੇ ਲੇਵੀਆਂ ਨੂੰ ਸਾਰਿਆਂ ਥਾਵਾਂ ਤੋਂ ਭਾਲਿਆ ਤਾਂ ਜੋ ਉਨ੍ਹਾਂ ਨੂੰ ਯਰੂਸ਼ਲਮ ਵਿਚ ਲਿਆਉਣ ਕਿ ਓਹ ਅਨੰਦ ਅਤੇ ਧੰਨਵਾਦ ਛੈਣਿਆਂ ਅਰ ਸਤਾਰਾਂ ਅਰ ਬਰਬਤਾਂ ਵਜਾ ਕੇ ਤੇ ਗਾ ਕੇ ਚੱਠ ਕਰਨ [28]ਰਾਗੀਆਂ ਦੀ ਵੰਸ ਯਰੂਸ਼ਲਮ ਦੇ ਆਲੇ ਦੁਆਲੇ ਦੇ ਮਦਾਨ ਵਿੱਚੋਂ ਅਤੇ ਨਟੋਫਾਥੀਆਂ ਦੇ ਪਿੰਡਾਂ ਵਿੱਚੋਂ ਇਕੱਠੀ ਹੋਈ [29]ਅਤੇ ਬੈਤ-ਗਿਲਗਾਲ ਤੋਂ ਅਤੇ ਗਬਾ ਅਤੇ ਅਜ਼ਮਾਵਥ ਦੇ ਖੇਤਾਂ ਤੋਂ ਕਿਉਂਕਿ ਰਾਗੀਆਂ ਨੇ ਯਰੂਸ਼ਲਮ ਦੇ ਆਲੇ ਦੁਆਲੇ ਆਪਣੇ ਲਈ ਪਿੰਡ ਬਣਾ ਦਿੱਤੇ ਸਨ [30]ਤਦ ਜਾਜਕਾਂ ਅਤੇ ਲੇਵੀਆਂ ਨੇ ਆਪਣੇ ਆਪ ਨੂੰ ਸ਼ੁੱਧ ਕੀਤਾ ਅਤੇ ਪਰਜਾ ਨੂੰ ਅਤੇ ਫਾਟਕਾਂ ਨੂੰ ਅਤੇ ਕੰਧ ਨੂੰ ਸ਼ੁੱਧ ਕੀਤਾ।

ਲੋਕਾਂ ਨੇ ਅਜਿਹਾ ਸਮਾਰੋਹ ਕਿਉਂ ਕੀਤਾ? ਬੇਸ਼ੱਕ ਇਸ ਨਾਲ ਉਨ੍ਹਾਂ ਨੂੰ ਹੱਲਾਸ਼ੇਰੀ ਮਿਲੀ ਹੋਵੇਗੀ। ਕਿਹਾ ਜਾ ਸਕਦਾ ''ਹੈ ਕਿ ਚੱਠ ਕੀਤਾ ਜਾਣਾ ਸਰੀਰਕ ਦੀ ਬਜਾਇ ਆਤਮਿਕ ਅਤੇ ਮਨੋਵਿਗਿਆਨਕ ਹੋਵੇਗਾ। ਕੰਧ ਦਾ ਸਭ ਤੋਂ ਵੱਡਾ ਮਹੱਤਵ ਮਨੋਵਿਗਿਆਨਕ ਸੀ, ਕਿਉਂਕਿ ਜੋ ਇਸ ਨਾਲ ਮਾਯੂਸ ਹੋਏ ਲੋਕਾਂ ਨੂੰ ਖੁਦ–ਬ–ਖੁਦ ਸਫ਼ਲਤਾ ਅਤੇ ਦਲੇਰੀ ਮਿਲੀ।''[13] ਨਾਲੇ ਅਜਿਹੇ ਪ੍ਰੋਜੈਕਟਾਂ ਦੇ ਪੂਰਾ ਹੋਣ ਤੇ ਸੁਲੇਮਾਨ ਦੇ ਭਵਨ ਦੇ ਬਣਨ ਅਤੇ ਦੂਜੀ ਹੈਕਲ ਦੇ ਬਣਨ ਤੇ ਅਨੰਦ ਭਰੀ ਚੱਠ ਦੀ ਸੇਵਾ ਵਾਂਗ ਜਸ਼ਨ ਮਨਾਇਆ ਗਿਆ ਸੀ (1 ਰਾਜਿਆਂ 8; ਅਜ਼ਰਾ 6:16–18)। ਇਸ ਪ੍ਰਾਪਤੀ ਨੂੰ ਇਸੇ ਤਰ੍ਹਾਂ ਨਾਲ ਯਾਦ ਕੀਤਾ ਜਾਣਾ ਹੀ ਬਣਦਾ ਸੀ। ਇਨ੍ਹਾਂ ਸਾਰੀਆਂ ਸੇਵਾਵਾਂ ਦਾ ਜ਼ੋਰ ਸ਼ੁਕਰਗੁਜ਼ਾਰੀ ਉੱਤੇ ਸੀ ਉਸ ਸਭ ਦੇ ਲਈ ਜੋ ਖ਼ੁਦਾ ਨੇ ਆਪਣੇ ਲੋਕਾਂ ਲਈ ਅਤੇ ਉਨ੍ਹਾਂ ਦੇ ਰਾਹੀਂ ਕੀਤਾ ਸੀ, ਭਾਵ ਉਸ ਨੂੰ ਵਡਿਆਈ ਦੇਣਾ ਸੀ।

ਸਾਫ਼ ਹੈ ਕਿ ਕੰਧ ਦਾ ਨਿਰਮਾਣ ਪੂਰਾ ਹੋਏ ਜਿਸ ਦਾ ਜ਼ਿਕਰ 6:15 ਵਿਚ ਹੈ, ਕੁਝ ਸਮਾਂ ਬੀਤ ਗਿਆ ਹੈ।[14] ਸਾਫ਼ ਹੈ ਕਿ ਇਹ ਸਮਾਂ ਨੇਮ ਦੇ ਨਵੇਂ ਸਿਰਿਉਂ ਬੰਨ੍ਹਣ ਵਿਚ (ਅਧਿਆਇ 8—10) ਅਤੇ ਯਰੂਸ਼ਲਮ ਨੂੰ ਮੁੜ ਵਸਾਉਣ ਵਿਚ ਲੰਘ ਗਿਆ ਸੀ (ਅਧਿਆਇ 11)। ਇਹ ਕਾਰਜ ਪੂਰੇ ਹੋ ਚੁੱਕੇ ਸਨ ਇਸ ਕਰਕੇ ਹੁਣ ਜਸ਼ਨ ਮਨਾਉਣ ਦਾ ਸਮਾਂ ਸੀ!

ਆਇਤਾਂ 27-30. ਯਾਜਕਾਂ ਨੇ ਦੋ ਤਰੀਕਿਆਂ ਨਾਲ ਚੱਠ ਦੇ ਸਮਾਰੋਹ ਦੀ ਤਿਆਰੀ ਕੀਤੀ। 12:27–29 ਵਿਚ, **ਉਨ੍ਹਾਂ ਨੇ** ਜੋ ਯਹੂਦੀਆਂ ਦੇ ਲੀਡਰ ਹੋਣਗੇ, ਅਤੇ ਸ਼ਾਇਦ ਖ਼ਾਸ ਤੌਰ ਤੇ ਨਹਮਯਾਹ ਅਤੇ ਅਜ਼ਰਾ ਹੋਣਗੇ (12:26) **ਲੇਵੀਆਂ** ਨੂੰ ਨੇੜੇ ਤੇੜੇ ਦੇ **ਪਿੰਡਾਂ** ਤੋਂ ਜਿੱਥੇ ਉਹ ਰਹਿੰਦੇ ਸਨ **ਯਰੂਸ਼ਲਮ** ਲਿਆਂਦਾ। ਕੁਝ ਲੇਵੀ ਬੈਤਹਲਮ ਦੇ ਨੇੜੇ ਨਟੋਫ਼ਾ ਨਾਮਕ ਥਾਂ ਤੇ ਰਹਿੰਦੇ ਸਨ (ਵੇਖੋ 7:26; ਅਜ਼ਰਾ 2:21, 22)।[15] **ਰਾਗੀਆਂ ਦੀ ਵੰਸ ਅਨੰਦ ਅਤੇ ਚੱਠ ਕਰਨ** ਵਿਚ ਲੋਕਾਂ ਦੀ ਮਦਦ ਲਈ ਪਵਿੱਤਰ ਸ਼ਹਿਰ ਵਿਚ ਆਏ। ਇਹ ਉਨ੍ਹਾਂ ਨੇ **ਗਾ ਕੇ** ਅਤੇ ਵਾਜੇ ਵਜਾ ਕੇ ਕਰਨਾ ਸੀ।

ਨਾਲੇ **ਜਾਜਕਾਂ ਅਤੇ ਲੇਵੀਆਂ ਨੇ ਪਰਜਾ ਨੂੰ ਅਤੇ ਫਾਟਕਾਂ ਨੂੰ ਅਤੇ ਕੰਧ** ਦੇ ਨਾਲ ਨਾਲ **ਆਪਣੇ ਆਪ ਨੂੰ ਸ਼ੁੱਧ ਕੀਤਾ** (12:30)। ਚੱਠ ਕਰਨ ਵਾਲੇ ਅਤੇ ਜਿਸਦੀ ਚੱਠ ਕੀਤੀ ਜਾਣੀ ਸੀ ਦੋਹਾਂ ਨੂੰ ਸ਼ੁੱਧ ਕੀਤਾ ਜਾਣਾ ਜਾਂ ਪਵਿੱਤਰ ਕੀਤਾ ਜਾਣਾ ਜ਼ਰੂਰੀ ਸੀ। ਸ਼ੁੱਧ ਕੀਤੇ ਜਾਣ ਦੀਆਂ ਰਸਮਾਂ ਪਵਿੱਤਰ ਸਮਾਰੋਹ ਤੋਂ ਪਹਿਲਾਂ ਹੋਈਆਂ (ਵੇਖੋ ਕੂਚ 19:10–15; ਅਜ਼ਰਾ 6:20)। ਜੋਜ਼ਫ਼ ਬਲੈਂਕਿਨਸੌਪ ਦੇ

ਮੁਤਾਬਕ, ‘‘ਇਸ ਵਿਚ ਸੰਭੋਗ ਤੋਂ ਪਰਹੇਜ਼, ਸਾਫ਼ ਸੁਥਰੇ ਕੱਪੜੇ ਪਾਉਣਾ, ਅਤੇ ਕੁਰਬਾਨੀਆਂ ਦੇਣਾ ਸ਼ਾਮਿਲ ਹੋ ਸਕਦਾ ਹੈ। ਸਾਨੂੰ ਦੱਸਿਆ ਨਹੀਂ ਗਿਆ ਹੈ ਕਿ ਇਸ ਘਟਨਾ ਵਿਚ ਕੀ ਕੀ ਸ਼ਾਮਿਲ ਸੀ; ਸ਼ਾਇਦ ਸ਼ਹਿਰਪਨਾਹ ਅਤੇ ਫਾਟਕਾਂ ਉੱਤੇ ਪਾਣੀ ਛਿੜਕਣਾ ਹੋਇਆ (ਤੁਲਨਾ ਗਿਣਤੀ 19:18; ਹਿਜ਼ਕੀਏਲ 36:25)।’’[16]

ਜਲੂਸ (12:31-39)

[31]ਤਾਂ ਮੈਂ ਯਹੂਦਾਹ ਦੇ ਸਰਦਾਰਾਂ ਨੂੰ ਕੰਧ ਉੱਤੇ ਉਤਾਹਾਂ ਲਿਆਇਆ ਅਤੇ ਮੈਂ ਦੋ ਵੱਡੀਆਂ ਟੋਲੀਆਂ ਠਹਿਰਾਈਆਂ ਭਈ ਓਹ ਧੰਨਵਾਦ ਕਰਨ ਅਤੇ ਇਕ ਉਨ੍ਹਾਂ ਵਿੱਚੋਂ ਕੰਧ ਦੇ ਉੱਤੇ ਸੱਜੇ ਹੱਥ ਕੂੜੇ ਫਾਟਕ ਵੱਲ ਗਈ [32]ਅਤੇ ਉਨ੍ਹਾਂ ਦੇ ਪਿੱਛੇ ਹੋਸ਼ਅਯਾਹ ਅਤੇ ਯਹੂਦਾਹ ਦੇ ਅੱਧੇ ਸਰਦਾਰ ਗਏ [33]ਅਤੇ ਅਜ਼ਰਯਾਹ, ਅਜ਼ਰਾ ਅਤੇ ਮਸ਼ੁੱਲਾਮ [34]ਯਹੂਦਾਹ ਅਰ ਬਿਨਯਾਮੀਨ ਅਰ ਸ਼ਮਅਯਾਹ ਤੇ ਯਿਰਮਿਯਾਹ [35]ਅਤੇ ਜਾਜਕਾਂ ਦੀ ਵੰਸ ਵਿੱਚੋਂ ਨਰਸਿੰਗਿਆਂ ਨਾਲ ਜ਼ਕਰਯਾਹ ਯੋਨਾਥਾਨ ਦਾ ਪੁੱਤਰ, ਉਹ ਸ਼ਮਅਯਾਹ ਦਾ ਪੁੱਤਰ, ਉਹ ਮੱਤਨਯਾਹ ਦਾ ਪੁੱਤਰ, ਉਹ ਮੀਕਾਯਾਹ ਦਾ ਪੁੱਤਰ, ਉਹ ਜ਼ਕੂਰ ਦਾ ਪੁੱਤਰ, ਉਹ ਆਸਾਫ ਦਾ ਪੁੱਤਰ [36]ਅਤੇ ਉਹ ਦੇ ਭਰਾ ਸ਼ਮਅਯਾਹ ਅਰ ਅਜ਼ਰਏਲ ਅਰ ਮਿਲਲਈ ਅਰ ਗਿਲਲਈ ਅਰ ਮਾਈ ਅਰ ਨਥਨਏਲ ਅਰ ਯਹੂਦਾਹ ਅਤੇ ਹਨਾਨੀ, ਪਰਮੇਸ਼ੁਰ ਦੇ ਜਨ ਦਾਊਦ ਦੇ ਵਾਜਿਆਂ ਨਾਲ ਅਤੇ ਅਜ਼ਰਾ ਲਿਖਾਰੀ ਉਨ੍ਹਾਂ ਦੇ ਅੱਗੇ ਅੱਗੇ ਸੀ [37]ਅਤੇ ਚਸ਼ਮਾ ਫਾਟਕ ਉੱਤੇ ਸਿੱਧੇ ਦਾਊਦ ਦੇ ਸ਼ਹਿਰ ਦੀਆਂ ਪੌੜੀਆਂ ਉੱਤੇ ਚੜ੍ਹ ਕੇ ਜਿੱਥੇ ਕੰਧ ਉਤਾਹਾਂ ਜਾਂਦੀ ਸੀ ਦਾਊਦ ਦੇ ਮਹਿਲ ਦੇ ਉੱਪਰ ਜਲ ਫਾਟਕ ਨੂੰ ਪੂਰਬ ਵੱਲ ਓਹ ਗਏ। [38]ਅਤੇ ਉਨ੍ਹਾਂ ਦੀ ਦੂਸਰੀ ਟੋਲੀ ਜਿਹੜੀ ਧੰਨਵਾਦ ਕਰਦੀ ਸੀ ਦੂਜੇ ਪਾਸੇ ਵੱਲ ਗਈ ਅਤੇ ਮੈਂ ਉਨ੍ਹਾਂ ਦੇ ਪਿੱਛੇ ਸਾਂ ਅਤੇ ਅੱਧੀ ਪਰਜਾ ਕੰਧ ਉੱਤੇ ਤੇ ਤੰਦੂਰਾਂ ਦੇ ਬੁਰਜ ਉੱਤੇ ਚੌੜੀ ਕੰਧ ਤੀਕ ਗਈ [39]ਅਤੇ ਅਫਰਾਈਮੀ ਫਾਟਕ ਤੋਂ ਉਤਾਹਾਂ ਅਤੇ ਪੁਰਾਣੇ ਫਾਟਕ ਉੱਤੇ ਅਤੇ ਮੱਛੀ ਫਾਟਕ ਉੱਤੇ ਅਤੇ ਹਨਨੇਲ ਦੇ ਬੁਰਜ ਅਤੇ ਹੰਮੇਆਹ ਦੇ ਬੁਰਜ ਅਤੇ ਭੇਡ ਫਾਟਕ ਤੀਕ ਓਹ ਬੰਦੀ ਖ਼ਾਨੇ ਦੇ ਫਾਟਕ ਵਿਚ ਖੜੇ ਹੋ ਗਏ।

ਜਸ਼ਨ ਦੀ ਘਟਨਾ ਵਿਚ ਅਸਲ ਵਿਚ ਦੋ ਵੱਡੇ ਜਲੂਸ ਸ਼ਾਮਿਲ ਸਨ ਜਿਹੜੇ ਸੰਭਵ ਤੌਰ ਤੇ ਕੰਧ ਦੇ ਦੱਖਣ ਪੱਛਮ ਵਿਚ ਵਾਦੀ ਦੇ ਫਾਟਕ ਤੋਂ ਸ਼ੁਰੂ ਹੋਏ ਹੋਣਗੇ (ਵੇਖੋ 2:13, 15; 3:13)। ਪਹਿਲਾ ਜਲੂਸ ਜਿਸ ਦੀ ਅਗਵਾਈ ਅਜ਼ਰਾ ਕਰ ਰਿਹਾ ਸੀ ਕੰਧ ਤੋਂ ਉੱਤੇ ਖੱਬੇ ਹੱਥ ਵੱਲ ਦੀ ਮੁੜਿਆ। ਦੂਜਾ ਜਲੂਸ, ਜਿਸ ਦੀ ਅਗਵਾਈ ਨਹਮਯਾਹ ਕਰ ਰਿਹਾ ਸੀ, ਕੰਧ ਦੇ ਸੱਜੇ ਪਾਸੇ ਵੱਲ ਦੀ ਗਿਆ। ਦੋਵੇਂ ਜਲੂਸ ਯਰੂਸ਼ਲਮ ਦੇ ਪੂਰਬ ਵੱਲ ਨੂੰ ਗਏ ਅਤੇ ਹੈਕਲ ਦੇ ਅਹਾਤਿਆਂ ਵਿਚ ਇਕੱਠੇ ਹੋਏ।

ਆਇਤਾਂ 31-37. ਚੱਠ ਵਿਚ ਦੋ ਗਤੀਵਿਧੀਆਂ ਸ਼ਾਮਿਲ ਸਨ। ਨਹਮਯਾਹ ਜਿਸ ਨੂੰ ਫੇਰ ਤੋਂ ਉੱਤਮ ਪੁਰਖ ਵਿਚ ਕਿਹਾ ਗਿਆ ਹੈ, ਨੇ ਸਮਝਾਇਆ ਕਿ **ਦੋ ਵੱਡੀਆਂ ਵੱਡੀਆਂ ਟੋਲੀਆਂ** ਬਣਾਈਆਂ ਗਈਆਂ (12:31)। ‘‘ਟੋਲੀ’’ ਲਈ ਇਬਰਾਨੀ ਸ਼ਬਦ (*thodah*, *ਟੋਡਾ*) ਦਾ ਮੂਲ ਅਰਥ ‘‘ਸ਼ੁਕਰਗੁਜ਼ਾਰੀ ਦੀ ਗਾਇਕ ਮੰਡਲੀ’’ ਹੈ। ਇਨ੍ਹਾਂ ਗਾਇਕ ਮੰਡਲੀਆਂ ਨੇ ਲੋਕਾਂ ਦੇ ਮੁਖੀਆਂ, ਯਾਜਕਾਂ ਅਤੇ ਲੇਵੀਆਂ ਦੇ ਮਗਰ ਮਗਰ **ਕੰਧ ਉੱਤੇ ਉਤਾਹਾਂ** ਉਲਟੀ ਦਿਸ਼ਾ ਵਿਚ ਅੱਗੇ ਵੱਧਣਾ ਸੀ। ਕੈਥਲੀਨ ਐੱਮ. ਕੈਨਿਯੋਨ ਵੱਲੋਂ ਨਹਮਯਾਹ ਵਾਲੀ ਕੰਧ ਦੇ ਇਕ ਹਿੱਸੇ ਦੀ ਖ਼ੁਦਾਈ ਕੀਤੀ ਗਈ ਜਿਸਦੀ ਮਿਣਤੀ ਚੁੜਾਈ ਵਿਚ ਨੌਂ ਫੁੱਟ ਨਾਪੀ ਗਈ, ਜੋ ਇਹ ਵਿਖਾਉਂਦਾ ਹੈ ਕਿ ਕੰਧ ਸਚਮੁਚ ਐਨੀ ਕੁ ਚੌੜੀ ਹੈ ਸੀ ਕਿ ਉਸ ਉੱਤੇ ਸਚਮੁਚ ਚੱਲਿਆ ਜਾ ਸਕਦਾ ਸੀ।[17] ਕੁਝ ਦੇਰ ਪਹਿਲਾਂ ਹੀ, ਇਲਾਟ ਮਜ਼ਰ ਨੇ ਨਹਮਯਾਹ ਦੀ ਕੰਧ ਦੇ ਇਕ ਹਿੱਸੇ ਦਾ ਪਤਾ ਲਗਾਇਆ (ਜਿਹੜਾ ਪਹਿਲਾਂ ਤੋਂ ਮੌਜੂਦ ਢਾਂਚੇ ਨਾਲ ਜੁੜਦਾ ਸੀ) ਜੋ ਸੋਲਾਂ ਫੁੱਟ ਚੌੜਾ ਸੀ।[18] ਅਖ਼ੀਰ ਦੋਹਾਂ ਜਲੂਸਾਂ ਨੇ ਹੈਕਲ ਵਿਚ ਇਕੱਠੇ

ਹੋਣਾ ਸੀ, ਜਿੱਥੇ ਬੰਦਗੀ ਅਤੇ ਤਾਰੀਫ਼ ਕੀਤੀ ਜਾਣੀ ਸੀ।

ਦੋ ਗਾਇਕ ਮੰਡਲੀਆਂ ਬਣਾਏ ਜਾਣ ਦੀ ਗੱਲ ਕਰਨ ਤੋਂ ਬਾਅਦ ਨਹਮਯਾਹ ਨੇ ਪਹਿਲੀ ਟੋਲੀ ਦੇ ਬਣਾਏ ਜਾਣ ਅਤੇ ਤਿਆਰ ਕੀਤੇ ਜਾਣ ਬਾਰੇ ਦੱਸਿਆ। ਇਸ ਜਲੂਸ ਦੀ ਅਗਵਾਈ **ਅਜ਼ਰਾ ਲਿਖਾਰੀ** ਕਰ ਰਿਹਾ ਸੀ (12:36)। ਉਸ ਦੇ ਮਗਰ ਇਕ ਗਾਇਕ ਮੰਡਲੀ ਆਈ। ਗਾਇਕ ਮੰਡਲੀ ਦੇ ਮਗਰ **ਹੋਸ਼ਅਯਾਹ ਅਤੇ ਯਹੂਦਾਹ ਦੇ ਅੱਧੇ ਸਰਦਾਰ** ਆਏ (12:32), ਯਾਜਕਾਈ ਪਰਿਵਾਰਾਂ ਦੇ ਕੁਝ ਮੁਖੀਏ (12:33, 34), **ਜਾਜਕਾਂ ਦੀ ਵੰਸ ਵਿੱਚੋਂ ਨਰਸਿੰਘਿਆਂ ਨਾਲ** ਅਤੇ **ਪਰਮੇਸ਼ੁਰ ਦੇ ਜਨ ਦਾਊਦ ਦੇ ਵਜਾਉਣ ਵਾਲਿਆਂ ਸਣੇ ਕੁਝ ਲੇਵੀ ਆਏ** (12:35, 36)। ਉਹ ਦੱਖਣੀ ਕੰਧ ਦੇ ਨਾਲ ਨਾਲ ਸ਼ਹਿਰ ਦੇ ਦੱਖਣੀ ਸਿਰੇ ਦੇ **ਕੂੜੇ ਫਾਟਕ** (12:31) ਅਤੇ **ਚਸ਼ਮਾ ਫਾਟਕ** (12:37) ਤੋਂ ਦੀ ਲੰਘਦੇ ਹੋਏ, ਕੰਧ ਦੇ ਨਾਲ–ਨਾਲ ਪੁੱਠੇ ਹੱਥ ਚੱਲੇ। ਅਖ਼ੀਰ ਉਹ ਸ਼ਹਿਰ ਦੇ **ਪੂਰਬ ਵੱਲ ਜਲ ਫਾਟਕ** ਤੇ ਆਏ (12:37)। ਉਸ ਇਲਾਕੇ ਤੋਂ ਉਹ ਅੱਗੇ ਹੈਕਲ ਦੇ ਅਹਾਤੇ ਵਿਚ ਗਏ।

ਆਇਤਾਂ 38, 39. ਦੂਸਰੀ ਟੋਲੀ ਪੱਛਮੀ ਕੰਧ ਦੇ ਸੱਜੇ ਹੱਥ ਵਧਦੀ ਹੋਈ, ਉਲਟੀ ਦਿਸ਼ਾ ਨੂੰ ਅੱਗੇ ਵਧੀ। ਇਹ ਟੋਲੀ ਨਹਮਯਾਹ ਅਤੇ **ਅੱਧੀ ਪਰਜਾ** ਦੇ ਮਗਰ ਚੱਲ ਰਹੀ ਸੀ। ਜਲੂਸ **ਤੰਦੂਰਾਂ ਦੇ ਬੁਰਜ**, **ਚੌੜੀ ਕੰਧ**, **ਅਫਰਾਈਮੀ ਫਾਟਕ** ਅਤੇ **ਪੁਰਾਣੇ ਫਾਟਕ** ਥਾਣੀ ਗਿਆ। ਉੱਤਰੀ ਕੰਧ ਦੇ ਸਿਰੇ ਵੱਲ ਨੂੰ ਜਾਂਦੇ ਹੋਏ ਉਹ **ਮੱਛੀ ਫਾਟਕ**, **ਹਨਨੇਲ ਦੇ ਬੁਰਜ**, **ਹੰਮੇਆਹ ਦੇ ਬੁਰਜ ਅਤੇ ਭੇਡ ਫਾਟਕ** ਥਾਣੀ ਗਏ। ਅਖ਼ੀਰ ਉਹ ਸ਼ਹਿਰ ਦੇ ਉੱਤਰ ਪੂਰਬੀ ਖੂੰਜੇ ਵਿਚ **ਬੰਦੀ ਖਾਨੇ ਦੇ ਫਾਟਕ** ਤੇ ਆਣ ਕੇ ਹੈਕਲ ਦੇ ਅਹਾਤਿਆਂ ਵਿਚ ਦਾਖਲ ਹੋਏ।[19]

ਸਮਾਰੋਹ (12:40-43)

[40]ਸੋ ਇਹ ਦੋਵੇਂ ਟੋਲੀਆਂ ਪਰਮੇਸ਼ੁਰ ਦੇ ਭਵਨ ਵਿਚ ਧੰਨਵਾਦ ਲਈ ਖੜੀਆਂ ਹੋ ਗਈਆਂ, ਮੈਂ ਅਤੇ ਅੱਧੇ ਰਈਸ ਮੇਰੇ ਨਾਲ [41]ਨਾਲੇ ਜਾਜਕ, - ਅਲਯਾਕੀਮ, ਮਅਸੇਯਾਹ, ਮਿਨਾਯਾਮੀਨ, ਮੀਕਾਯਾਹ, ਅਲਯੋਏਨੀ, ਜ਼ਕਰਯਾਹ ਅਤੇ ਹਨੱਨਯਾਹ ਨਰਸਿੰਗਿਆਂ ਨਾਲ [42]ਮਅਸੇਯਾਹ, ਸ਼ਮਅਯਾਹ, ਅਲਆਜ਼ਾਰ, ਉੱਜ਼ੀ, ਯਹੋਹਾਨਾਨ, ਮਲਕੀਯਾਹ, ਏਲਾਮ ਅਰ ਆਜ਼ਰ। ਸੋ ਰਾਗੀ ਯਜ਼ਰਹਯਾਹ ਜਿਹੜਾ ਉਨ੍ਹਾਂ ਦਾ ਓਵਰਸੀਅਰ ਸੀ ਉੱਚੀ ਅਵਾਜ਼ ਨਾਲ ਗਾਉਂਦੇ ਸਨ [43]ਅਤੇ ਉਸ ਦਿਨ ਉਨ੍ਹਾਂ ਨੇ ਵੱਡੀਆਂ ਬਲੀਆਂ ਚੜ੍ਹਾਈਆਂ ਅਤੇ ਵੱਡੇ ਅਨੰਦ ਹੋਏ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਵੱਡੇ ਅਨੰਦ ਨਾਲ ਪਰਸੰਨ ਕੀਤਾ ਨਾਲੇ ਬੱਚੇ ਅਤੇ ਤੀਵੀਆਂ ਵੀ ਅਨੰਦ ਹੋਈਆਂ ਅਤੇ ਯਰੂਸ਼ਲਮ ਦਾ ਇਹ ਅਨੰਦ ਦੂਰ ਤੀਕਰ ਸੁਣਿਆ ਗਿਆ।

ਆਇਤਾਂ 40-43. ਅਖ਼ੀਰ ਦੋਵੇਂ ਜਲੂਸ **ਪਰਮੇਸ਼ੁਰ ਦੇ ਭਵਨ** ਭਾਵ ਹੈਕਲ ਤੇ ਇਕੱਠੇ ਹੋਏ ਜਿੱਥੇ ਆਣ ਕੇ ਦੋਵੇਂ ਟੋਲੀਆਂ **ਖੜੀਆਂ ਹੋ ਗਈਆਂ** (12:40)। ਯਾਜਕਾਂ ਦੇ ਨਾਲ–ਨਾਲ ਨਹਮਯਾਹ ਦੇ ਨਾਲ **ਅੱਧੇ ਰਈਸ** ਸਨ। ਕੁਝ ਯਾਜਕਾਂ ਨੇ **ਨਰਸਿੰਗਿਆਂ ਨਾਲ** ਜਸ਼ਨ ਵਿਚ ਹਿੱਸਾ ਪਾਇਆ (12:41, 42)।

ਟੋਲੀਆਂ ਦੇ ਇਕੱਠਾ ਹੋਣ ਤੋਂ ਬਾਅਦ, **ਰਾਗੀ** ਅਤੇ **ਉਨ੍ਹਾਂ ਦਾ ਓਵਰਸੀਅਰ ਉੱਚੀ ਅਵਾਜ਼ ਨਾਲ ਗਾਉਂਦੇ ਸਨ** (12:42)। ''ਗਾਉਂਦੇ ਸਨ'' ਮੂਲ ਵਿਚ ''ਉਨ੍ਹਾਂ ਦੀਆਂ ਅਵਾਜ਼ਾਂ ਸੁਣੀਆਂ ਜਾ ਸਕਦੀਆਂ ਸਨ'' ਹੈ। **ਉਸ ਦਿਨ ਉਨ੍ਹਾਂ ਨੇ ਵੱਡੀਆਂ ਬਲੀਆਂ ਚੜ੍ਹਾਈਆਂ** ਅਤੇ **ਬੱਚੇ ਅਤੇ ਤੀਵੀਆਂ ਵੀ ਅਨੰਦ ਹੋਈਆਂ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਵੱਡੇ ਅਨੰਦ ਨਾਲ ਪਰਸੰਨ ਕੀਤਾ** (12:43)। ਅਸਲ ਵਿਚ ਯਹੂਦੀਆਂ ਦੇ ਅਨੰਦ ਕਰਨ ਦਾ ਰੌਲਾ **ਦੂਰ ਤੀਕਰ ਸੁਣਿਆ ਗਿਆ**, ਬਿਲਕੁਲ ਉਵੇਂ ਜਿਵੇਂ ਹੈਕਲ ਦੀ ਨੀਂਹ ਧਰੇ ਜਾਣ ਵੇਲੇ ਹੋਇਆ ਸੀ (12:43; ਵੇਖੋ ਅਜ਼ਰਾ 3:11–13)।

ਇਸ ਮੌਕੇ ਨੂੰ ਸਮਝਣ ਲਈ ਸਾਨੂੰ ਲੋਕਾਂ ਦੇ ਇਨ੍ਹਾਂ ਦੋ ਵੱਡੇ ਜਲੂਸਾਂ ਵਿਚ ਕੰਧ ਉੱਤੇ ਦੀ ਖ਼ੁਦਾ

ਦੀ ਵਡਿਆਈ ਕਰਦੇ ਗਾਇਕ ਮੰਡਲੀਆਂ ਦੇ ਮਗਰ–ਮਗਰ ਚੱਲਣ ਨੂੰ ਨਜ਼ਰ ਅੱਗੇ ਲਿਆਉਣਾ ਪਵੇਗਾ। ਯਾਜਕ ਨਰਸਿੰਗੇ ਫੂਕ ਰਹੇ ਸਨ, ਅਤੇ ਲੇਵੀ ਵਾਜੇ ਵਜਾ ਰਹੇ ਸਨ। ਦੋਵੇਂ ਟੋਲੀਆਂ ਕੰਧ ਤੋਂ ਹੇਠਾਂ ਵੱਲ ਨੂੰ ਹੈਕਲ ਵੱਲ ਜਾ ਰਹੀਆਂ ਸਨ ਜਿੱਥੇ ਉਹ ਇਕੱਠੇ ਹੋਏ। ਉੱਥੇ ਇਹ ਦੋਵੇਂ ਗਾਇਕ ਮੰਡਲੀਆਂ ਮਿਲ ਕੇ ਖ਼ੁਦਾ ਦੀ ਤਾਰੀਫ਼ ਕਰਦੀਆਂ ਅਤੇ ਉਸ ਨੂੰ ਮੁਬਾਰਕ ਆਖਦੀਆਂ ਖ਼ੂਬਸੂਰਤ ਗੀਤ ਗਾ ਰਹੇ ਸਨ। ਮੰਡਲੀ ਦਾ ਹਰ ਸ਼ਖ਼ਸ ਯਹੋਵਾਹ ਦੀ ਵਡਿਆਈ ਕਰ ਰਿਹਾ ਸੀ। ਨਜ਼ਾਰਾ ਸ਼ਾਨਦਾਰ ਸੀ ਕਿਉਂ ਜੋ ਹਜ਼ਾਰਾਂ ਲੋਕ ਮਿਲ ਕੇ ਗਾ ਰਹੇ ਅਤੇ ਅਨੰਦ ਕਰ ਰਹੇ ਅਤੇ ਖ਼ੁਦਾ ਦੀ ਤਾਰੀਫ਼ ਕਰ ਰਹੇ ਸਨ! ਇਸ ਦੀ ਅਵਾਜ਼ ਬੇਸ਼ੱਕ ਬਹੁਤ ਉੱਚੀ ਹੋਵੇਗੀ। ਅਵਾਜ਼ਾਂ ਦਾ ਇਕ ਖ਼ੂਬਸੂਰਤ ਦ੍ਰਿਸ਼ ਜਿਹੜਾ ਐਨਾ ਉੱਚਾ ਸੀ ਕਿ ਸ਼ਹਿਰ ਅਤੇ ਇਸ ਤੋਂ ਬਾਹਰ ਸੁਣਾਈ ਦੇ ਰਿਹਾ ਸੀ! ਖ਼ੁਦਾ ਦੇ ਲੋਕਾਂ ਦੇ ਰੂਪ ਵਿਚ ਜਦ ਸਾਨੂੰ ਪਤਾ ਲੱਗੇ ਕਿ ਖ਼ੁਦਾ ਨੇ ਸਾਨੂੰ ਕਿੰਨੀ ਬਰਕਤ ਦਿੱਤੀ ਹੈ, ਸਾਨੂੰ ਹਮੇਸ਼ਾ ਅਜਿਹੀ ਪ੍ਰਤੀਕਿਰਿਆ ਹੀ ਦੇਣੀ ਚਾਹੀਦੀ ਹੈ।

ਯਾਜਕਾਂ ਅਤੇ ਲੇਵੀਆਂ ਲਈ ਪ੍ਰਬੰਧ (12:44-47)

44ਉਸ ਦਿਨ ਉਨ੍ਹਾਂ ਨੇ ਖ਼ਜ਼ਾਨਿਆਂ ਦੀਆਂ ਕੋਠੜੀਆਂ ਉੱਤੇ ਅਤੇ ਚੁੱਕਣ ਦੀਆਂ ਭੇਟਾਂ ਅਤੇ ਪਹਿਲੇ ਫਲਾਂ ਅਤੇ ਦਸਵੰਧਾਂ ਲਈ ਮਨੁੱਖ ਠਹਿਰਾਏ ਹੋਏ ਤਾਂ ਜੋ ਸ਼ਹਿਰਾਂ ਦਿਆਂ ਖੇਤਾਂ ਵਿੱਚੋਂ ਬਿਵਸਥਾ ਦੇ ਠਹਿਰਾਏ ਹਿੱਸਿਆਂ ਅਨੁਸਾਰ ਜਾਜਕਾਂ ਅਤੇ ਲੇਵੀਆਂ ਲਈ ਇਕੱਠਾ ਕਰਨ ਕਿਉਂ ਜੋ ਯਹੂਦਾਹ ਜਾਜਕਾਂ ਅਤੇ ਲੇਵੀਆਂ ਦੇ ਹਾਜ਼ਰ ਰਹਿਣ ਉੱਤੇ ਖੁਸ਼ ਸਨ 45ਸੋ ਉਨ੍ਹਾਂ ਨੇ ਆਪਣੇ ਪਰਮੇਸ਼ੁਰ ਦੇ ਫ਼ਰਜ਼ ਦੀ ਅਤੇ ਸ਼ੁੱਧਤਾਈ ਦੇ ਫ਼ਰਜ਼ ਦੀ ਪਾਲਣਾ ਕੀਤੀ ਅਤੇ ਰਾਗੀਆਂ ਅਰ ਦਰਬਾਨਾਂ ਨੇ ਵੀ ਦਾਊਦ ਅਤੇ ਉਸ ਦੇ ਪੁੱਤਰ ਸੁਲੇਮਾਨ ਦੇ ਹੁਕਮ ਅਨੁਸਾਰ ਕੀਤਾ 46ਕਿਉਂਕਿ ਦਾਊਦ ਤੇ ਆਸਾਫ ਦੇ ਦਿਨਾਂ ਵਿਚ ਮੁੱਢ ਤੋਂ ਉਨ੍ਹਾਂ ਰਾਗੀਆਂ ਦੇ ਮੁਖੀਏ ਸਨ ਜਿਹੜੇ ਪਰਮੇਸ਼ੁਰ ਲਈ ਉਸਤਤ ਤੇ ਧੰਨਵਾਦ ਦੇ ਗੀਤ ਗਾਉਂਦੇ ਹੁੰਦੇ ਸਨ 47ਅਤੇ ਸਾਰਾ ਇਸਰਾਏਲ ਜ਼ਰੁੱਬਾਬਲ ਦੇ ਦਿਨਾਂ ਵਿਚ ਅਤੇ ਨਹਮਯਾਹ ਦੇ ਦਿਨਾਂ ਵਿਚ ਰਾਗੀਆਂ ਅਤੇ ਦਰਬਾਨਾਂ ਦਾ ਹਿੱਸਾ ਨਿਤਾ ਪਰਤੀ ਦਿੰਦੇ ਰਹੇ, ਇਉਂ ਉਨ੍ਹਾਂ ਨੇ ਲੇਵੀਆਂ ਲਈ ਚੀਜ਼ਾਂ ਪਵਿੱਤਰ ਕੀਤੀਆਂ ਅਤੇ ਲੇਵੀਆਂ ਨੇ ਹਾਰੂਨ ਦੀ ਵੰਸ ਲਈ ਪਵਿੱਤਰ ਕੀਤੀਆਂ।

ਲੇਖਕ ਨੇ ਅਧਿਆਇ ਨੂੰ ਤਦ ਤਕ ਬੰਦ ਨਹੀਂ ਕੀਤਾ ਜਦ ਤਕ ਉਸ ਨੇ ਇਹ ਨਹੀਂ ਦੱਸਿਆ ਕਿ ਲੋਕਾਂ ਦੇ ਪ੍ਰਬੰਧਾਂ ਅਤੇ ਦਾਨਾਂ ਨਾਲ ਯਾਜਕਾਂ ਅਤੇ ਲੇਵੀਆਂ ਦੀ ਮਦਦ ਕਿਵੇਂ ਕੀਤੀ। ਉਸ ਨੇ ਜ਼ੋਰ ਦੇ ਕੇ ਆਖਿਆ ਕਿ ਆਪਣੇ ਕੰਮ ਦੇ ਮਹੱਤਵ ਕਰਕੇ ਉਹ ਉਨ੍ਹਾਂ ਦਾਨਾਂ ਦੇ ਹੱਕਦਾਰ ਸਨ।

ਆਇਤਾਂ 44-47. ਯਾਜਕਾਂ ਅਤੇ ਲੇਵੀਆਂ ਉੱਤੇ ਜ਼ੋਰ ਦਿੱਤਾ ਜਾਣਾ ਜਾਰੀ ਹੈ। ਲੇਖਕ ਨੇ ਅਧਿਆਇ ਦਾ ਅਰੰਭ ਇਸਰਾਏਲ ਦੇ ਆਗੂਆਂ ਦੇ ਧਾਰਮਿਕ ਜੀਵਨ ਦੀ ਪਛਾਣ ਕਰਾਉਣ ਨਾਲ ਕੀਤਾ ਤੇ ਫਿਰ ਉਸ ਨੇ ਯਰੂਸ਼ਲਮ ਦੀ ਕੰਧ ਦੀ ਚੱਠ ਵਿਚ ਉਨ੍ਹਾਂ ਦੀ ਭੂਮਿਕਾ ਬਾਰੇ ਗੱਲ ਕੀਤੀ। ਫਿਰ ਉਹ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਉਨ੍ਹਾਂ ਦੇ ਇਨਾਮਾਂ ਵੱਲ ਮੁੜਿਆ। ਉਨ੍ਹਾਂ ਦੀ ਮਦਦ ਕਿਵੇ ਹੋਣੀ ਚਾਹੀਦੀ ਸੀ ਜਿਸ ਨਾਲ ਉਹ ਆਪਣੇ ਪਰਿਵਾਰਾਂ ਦੀ ਦੇਖਭਾਲ ਕਰ ਸਕਦੇ?

ਉਸ ਦਿਨ ਜਦ ਕੰਧ ਦੀ ਚੱਠ ਹੋਈ, **ਖ਼ਜ਼ਾਨਿਆਂ ਦੀਆਂ ਕੋਠੜੀਆਂ ਉੱਤੇ ਭੇਟਾਂ** ਰੱਖਣ **ਲਈ ਮਨੁੱਖ ਠਹਿਰਾਏ** ਗਏ। ਇਨ੍ਹਾਂ ਬੰਦਿਆਂ ਦੀ ਜ਼ਿੰਮੇਵਾਰੀ ਇਹ ਧਿਆਨ ਰੱਖਣਾ ਸੀ ਕਿ ਉਹ ਚੀਜ਼ਾਂ ਜਿੜੀਆਂ **ਬਿਵਸਥਾ ਦੇ ਠਹਿਰਾਏ ਹੋਏ ਹਿੱਸਿਆਂ** ਅਨੁਸਾਰ ਰੱਖੇ ਜਾਣ ਲਈ ਹੈਕਲ ਵਿਚ ਲਿਆਈਆਂ ਜਾਂਦੀਆਂ ਸਨ ਨਾ ਗੁਆਚਣ ਅਤੇ ਨਾ ਉਨ੍ਹਾਂ ਦੀ ਦੁਰਵਰਤੋਂ ਹੋਵੇ। ਇਨ੍ਹਾਂ ਦਾਨਾਂ ਦਾ ਖ਼ਾਸ ਖ਼ਿਆਲ ਰੱਖਣ ਦਾ ਕਾਰਣ ਇਹ ਦੱਸਿਆ ਗਿਆ ਕਿ **ਯਹੂਦਾਹ ਜਾਜਕਾਂ ਅਤੇ ਲੇਵੀਆਂ ਦੇ ਹਾਜ਼ਰ ਰਹਿਣ ਉੱਤੇ ਖੁਸ਼ ਸਨ** (12:44)।

ਲੇਖਕ ਨੇ ਖੋਲ ਕੇ ਸਮਝਾਇਆ ਕਿ ਲੋਕ ਆਪਣੇ ਧਾਰਮਿਕ ਆਗੂਆਂ ਤੋਂ ਖ਼ੁਸ਼ ਕਿਉਂ ਸਨ: **ਉਨ੍ਹਾਂ ਨੇ ਆਪਣੇ ਪਰਮੇਸ਼ੁਰ ਦੇ ਫ਼ਰਜ਼ ਦੀ ਅਤੇ ਸ਼ੁੱਧਤਾਈ ਦੇ ਫ਼ਰਜ਼ ਦੀ ਪਾਲਣਾ ਕੀਤੀ ਅਤੇ ਰਾਗੀਆਂ ਅਰ ਦਰਬਾਨਾਂ ਨੇ ਵੀ ਦਾਊਦ ਅਤੇ ਉਸ ਦੇ ਪੁੱਤਰ ਸੁਲੇਮਾਨ ਦੇ ਹੁਕਮ ਅਨੁਸਾਰ ਕੀਤਾ** (12:45), ਬਿਲਕੁਲ ਉਵੇਂ ਜਿਵੇਂ **ਮੁੱਢ ਤੋਂ** ਹੁੰਦਾ ਆਇਆ ਸੀ (12:46)। ਇੱਥੇ ''ਮੁੱਢ ਤੋਂ'' ਭਾਵ ''ਦਾਊਦ ਦੇ ਅਤੇ ਆਸਾਫ਼ ਦੇ ਦਿਨ'' ਹੈ। ਦਾਊਦ ਦੇ ਸਮੇਂ ਵਿਚ ਆਸਾਫ਼ ਰਾਗੀਆਂ ਦਾ ਇੰਚਾਰਜ ਸੀ ਅਤੇ ਖ਼ੁਦਾ ਦੀ ਵਡਿਆਈ ਲਈ ਗਾਣੇ ਮੁਹੱਈਆ ਕਰਵਾਉਣ ਵਾਲਿਆਂ ਦਾ ਪ੍ਰਧਾਨ ਸੀ।[20] ਇਸੇ ਕਰਕੇ ਕਈ ਜ਼ਬੂਰਾਂ ਦੇ ਸਿਰਲੇਖਾਂ ਵਿਚ ''ਅਸਾਫ਼'' ਦਾ ਨਾਂਅ ਆਉਂਦਾ ਹੈ।

ਅਧਿਆਇ ਦੀ ਆਖ਼ਰੀ ਆਇਤ **ਜ਼ਰੁੱਬਾਬਲ ਦੇ ਦਿਨਾਂ** ਨੂੰ ਨਹਮਯਾਹ ਦੇ ਦਿਨਾਂ ਨਾਲ ਜੋੜਦੀ ਹੈ। ਦੋਹਾਂ ਜਣਿਆਂ ਨੇ ਇਹ ਯਕੀਨੀ ਬਣਾ ਕੇ ਕਿ ਲੇਵੀਆਂ ਨੂੰ ਉਨ੍ਹਾਂ ਦਾ ਹੱਕ ਮਿਲੇ ਅਤੇ ਇਸੇ ਤਰ੍ਹਾਂ ਯਾਜਕਾਂ ਨੂੰ ਵੀ ਉਨ੍ਹਾਂ ਦਾ ਬਣਦਾ ਹਿੱਸਾ ਮਿਲੇ, **ਰਾਗੀਆਂ ਅਤੇ ਦਰਬਾਨਾਂ** ਨੂੰ ਸੰਭਾਲਨ ਵਿਚ ਯੋਗਦਾਨ ਵਿਖਾਇਆ (12:47)।

ਦਾਊਦ ਵੱਲੋਂ ਦਿੱਤੇ ਹੁਕਮ ਨੂੰ ਪੂਰਾ ਕਰਦਿਆਂ ਯਾਜਕ ਅਤੇ ਲੇਵੀ ਉਹੀ ਕਰ ਰਹੇ ਸਨ ਜੋ ''ਮੁੱਢ ਤੋਂ'' ਹੁੰਦਾ ਆਇਆ ਸੀ। ਉਨ੍ਹਾਂ ਦਾ ਕੰਮ ਤਾਰੀਫ਼ ਦੇ ਕਾਬਿਲ ਸੀ ਅਤੇ ਇਸਰਾਏਲੀਆਂ ਵੱਲੋਂ ਉਸ ਦੀ ਕਦਰ ਕੀਤੀ ਗਈ। ਹੈਕਲ ਵਿਚ ਸੇਵਾ ਕਰਨ ਵਾਲੇ ਮਦਦ ਦੇ ਹੱਕਦਾਰ ਸਨ ਅਤੇ ਸੂਬੇ ਦੇ ਹਾਕਮ ਨੇ (ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤਕ) ਇਹ ਵੇਖਿਆ ਕਿ ਲੋਕ ਉਹ ਦੇ ਰਹੇ ਸਨ ਜੋ ਇਸ ਮਕਸਦ ਲਈ ਦੇਣ ਦਾ ਹੁਕਮ ਦਿੱਤਾ ਗਿਆ ਸੀ

ਪ੍ਰਾਸੰਗਿਕਤਾ

ਪ੍ਰਭਾਵਸ਼ਾਲੀ ਲੀਡਰਸ਼ਿਪ: ਮਕਸਦ ਦੀ ਲਗਨ (ਅਧਿਆਇ 12)

ਪ੍ਰਭਾਵਸ਼ਾਲੀ ਲੀਡਰ ਮਕਸਦ ਦੀ ਲਗਨ ਨੂੰ ਵਿਖਾਉਂਦਾ ਹੈ। ਨਹਮਯਾਹ ਅਜਿਹਾ ਹੀ ਇਕ ਲੀਡਰ ਸੀ। ਅਧਿਆਇ 6 ਵਿਚ ਜਦ ਯਹੂਦੀਆਂ ਦੇ ਦੁਸ਼ਮਣਾਂ ਨੇ ਉਸ ਨੂੰ ਓਨੋ ਦੀ ਦੂਣ ਵਿਚ ਆਣ ਕੇ ਮਿਲਣ ਦਾ ਸੱਦਾ ਦਿੱਤਾ ਤਾਂ ਉਸਦਾ ਜਵਾਬ ਸੀ, ''ਮੈਂ ਇਕ ਵੱਡਾ ਕੰਮ ਕਰ ਰਿਹਾ ਹਾਂ, ਹੇਠਾਂ ਨੂੰ ਆ ਨਹੀਂ ਸਕਦਾ, ਤੁਹਾਡੇ ਕੋਲ ਹਠਾੜ ਆਉਣ ਲਈ ਕੰਮ ਕਿਉਂ ਰੋਕਿਆ ਜਾਵੇ'' (6:3)। ਨਹਮਯਾਹ ਐਨਾ ਕੁ ਮਸਰੂਫ਼ ਸੀ ਕਿ ਉਹ ਉਸ ਕੰਮ ਨੂੰ ਜਿਸ ਨੂੰ ਉਹ ਬਹੁਤ ਅਹਿਮ ਮੰਨਦਾ ਸੀ, ਬੰਦ ਨਹੀਂ ਕਰ ਸਕਦਾ ਸੀ। ਸੋ ਉਸ ਨੇ ਉਨ੍ਹਾਂ ਦਾ ਸੱਦਾ ਠੁਕਰਾ ਦਿੱਤਾ। ਅਜਿਹਾ ਕਰਕੇ ਉਸ ਨੇ ਮਕਸਦ ਦੀ ਲਗਨ ਵਾਲੇ ਹਰ ਪ੍ਰਭਾਵਸ਼ਾਲੀ ਲੀਡਰ ਦੀ ਇਕ ਖ਼ੂਬੀ ਨੂੰ ਅਸਲੀ ਤੌਰ ਤੇ ਵਿਖਾ ਦਿੱਤਾ।

ਸਚਮੁਚ ਪ੍ਰਭਾਵਸ਼ਾਲੀ ਲੀਡਰ ਨੂੰ ਪਤਾ ਹੁੰਦਾ ਹੈ ਕਿ ਉਹਨੂੰ ਕੀ ਕਰਨ ਲਈ ਸੱਦਿਆ ਗਿਆ ਹੈ। ਉਹ ਆਪਣੇ ਮੁੱਖ ਕੰਮ ਨੂੰ ਸਮਝ ਕੇ ਉਸ ਨੂੰ ਹਾਸਿਲ ਕਰਨ ਲਈ ਤਨ ਮਨ ਲਗਾ ਦਿੰਦਾ ਹੈ। ਬਾਸਕਟਬਾਲ ਦਾ ਇਕ ਪ੍ਰਭਾਵਸ਼ਾਲੀ ਕੋਚ ਵੱਧ ਤੋਂ ਵੱਧ ਗੇਮਾਂ ਨੂੰ ਜਿੱਤਣਾ ਆਪਣਾ ਕੰਮ ਮੰਨਦਾ ਹੈ। ਕਾਮਯਾਬ ਵਪਾਰੀ ਵੱਧ ਤੋਂ ਵੱਧ ਕਮਾਈ ਕਰਨ ਦਾ ਟੀਚਾ ਮਿੱਥ ਸਕਦਾ ਹੈ। ਸਿਆਸਤਦਾਨ ਆਪਣੇ ਚੁਣੇ ਜਾਣ ਨੂੰ ਪੱਕਾ ਕਰਨ ਲਈ, ਹਰ ਹੱਦ ਤਕ ਜਾ ਸਕਦਾ ਹੈ। ਕੋਈ ਲੀਡਰ ਯੋਗ ਅਤੇ ਸਹੀ ਟੀਚੇ ਨੂੰ ਪੂਰਾ ਕਰਨ ਵਿਚ ਤਦ ਤਕ ਕਾਮਯਾਬ ਨਹੀਂ ਹੋਵੇਗਾ ਜਦ ਤਕ ਉਹ ਉਸ ਇੱਕੋ ਮਕਸਦ ਨੂੰ ਹਾਸਿਲ ਕਰਨ ਲਈ ਤਨੋ ਮਨੋ ਨਹੀਂ ਲਗਦਾ।

ਸਮਾਜ ਇਕਾਗਰ ਸੋਚ ਵਾਲੇ ਆਗੂਆਂ ਦਾ ਬਹੁਤ ਰਿਣੀ ਹੈ। ਅਮਰੀਕੀ ਗ੍ਰਹਿ ਯੁੱਧ ਦੌਰਾਨ ਅਮਰੀਕੀ ਰਾਸ਼ਟਰਪਤੀ ਅਬਰਾਹਾਮ ਲਿੰਕਨ ਜੇ ਰਾਜਾਂ ਦੀ ਏਕਤਾ ਨੂੰ ਬਰਕਰਾਰ ਰੱਖਣ ਲਈ ਸਮਰਪਤ ਨਾ ਹੁੰਦਾ ਤਾਂ ਕੀ ਹੋ ਸਕਦਾ ਸੀ? ਲਿੰਕਨ ਨੇ ਉਸ ਮਕਸਦ ਦਾ ਇਰਾਦਾ ਕੀਤਾ ਹੋਇਆ

ਸੀ ਅਤੇ ਉਸਦੇ ਉਸ ਉੱਤੇ ਧਿਆਨ ਲਾਈ ਰੱਖਣ ਨਾਲ ਅਖ਼ੀਰ ਵਿਚ ਦੇਸ਼ ਕਾਇਮ ਰਹਿ ਸਕਿਆ। ਦੂਜੀ ਸੰਸਾਰ ਜੰਗ ਵਿਚ ਨਾਜ਼ੀਆਂ ਦਾ ਵਿਰੋਧ ਕਰਨ ਦਾ ਵਿੰਨਸਟਨ ਚਰਚਿਲ ਦਾ ਇਕਾਗਰ ਸੋਚ ਵਾਲਾ ਇਰਾਦਾ ਮੁਸ਼ਕਿਲ ਘੜੀ ਵਿਚ ਇੰਗਲੈਂਡ ਨੂੰ ਬਚਾਉਣ ਲਈ ਮਦਦਗਾਰ ਸਾਬਤ ਹੋਇਆ। ਮਹਾਤਮਾ ਗਾਂਧੀ ਨੇ ਸ਼ਾਂਤੀ ਪੂਰਣ ਸਿਵਲ ਨਾਫ਼ਰਮਾਨੀ ਦੀ ਨੀਤੀ ਦੇ ਰਾਹੀਂ ਭਾਰਤ ਲਈ ਅਜ਼ਾਦੀ ਹਾਸਿਲ ਕਰਨ ਲਈ ਆਪਣੀ ਜ਼ਿੰਦਗੀ ਦੇ ਦਿੱਤੀ। ਅਖ਼ੀਰ ਵਿਚ, ਆਪਣੇ ਸਿਧਾਂਤਾਂ ਉੱਤੇ ਆਪਣੀ ਇਕਾਗਰ ਸੋਚ ਨਾਲ ਟਿਕੇ ਰਹਿਣ ਕਰਕੇ ਉਸ ਨੂੰ ਆਪਣਾ ਟੀਚਾ ਪ੍ਰਾਪਤ ਹੋਇਆ।

ਇਸੇ ਤਰ੍ਹਾਂ ਨਾਲ ਨਹਮਯਾਹ ਨੇ ਮਕਸਦ ਦੀ ਲਗਨ ਨੂੰ ਵਿਖਾਇਆ। ਉਸ ਦਾ ਟੀਚਾ ਯਰੂਸ਼ਲਮ ਦੀ ਕੰਧ ਨੂੰ ਬਣਾਉਣਾ ਸੀ (2:5, 17)। ਉਸ ਨੇ ਆਪਣੇ ਉਸ ਇਕ ਟੀਚੇ ਨੂੰ ਹਾਸਲ ਕਰਨ ਦੇ ਰਾਹ ਵਿਚ ਕਿਸੇ ਨੂੰ ਨਹੀਂ ਆਉਣ ਦਿੱਤਾ। ਉਹ ਰਾਜੇ ਦੀ ਮੰਜ਼ੂਰੀ ਲੈਣ ਦੇ ਆਪਣੇ ਡਰ ਨਾਲ ਰੁਕਿਆ ਨਹੀਂ। ਮੁਸ਼ਕਿਲ ਪੈਂਡੇ ਦਾ ਵਿਚਾਰ ਉਸ ਦੇ ਮਨ ਨੂੰ ਬਦਲ ਨਹੀਂ ਸਕਿਆ। ਢੱਠੀ ਪਈ ਕੰਧ ਨੂੰ ਵੇਖ ਕੇ ਜਾਂ ਵਿਰੋਧ ਦਾ ਸਾਹਮਣਾ ਹੋਣ ਤੇ ਉਹ ਪਿੱਛੇ ਨਹੀਂ ਹਟਿਆ। ਉਹ ਨੂੰ ਆਪਣੇ ਸਮੂਹ ਦੇ ਬਾਹਰਲੇ ਦੁਸ਼ਮਣਾਂ ਨਾਲ ਤਾਂ ਨਜਿੱਠਣਾ ਹੀ ਪਿਆ ਜਿਨ੍ਹਾਂ ਨੇ ਕੰਮ ਨੂੰ ਬੰਦ ਕਰਨ ਲਈ ਹਰ ਚਲਾਕੀ ਜਿਹੜੀ ਉਹ ਸੋਚ ਸਕੇਦ ਸਨ ਵਰਤੀ। ਉਸ ਦੇ ਸਮੂਹ ਦੇ ਅੰਦਰ ਕੁਝ ਲੋਕਾਂ ਦੀਆਂ ਗੱਦਾਰੀ ਭਰੀਆਂ ਗਤੀਵਿਧੀਆਂ ਦੇ ਨਾਲ–ਨਾਲ ਆਪਣੇ ਸਮੂਹ ਤੋਂ ਬਾਹਰ ਦੇ ਦੁਸ਼ਮਣਾਂ ਨਾਲ ਨਜਿੱਠਣਾ ਪਿਆ, ਜਿਹੜੇ ਕੰਮ ਨੂੰ ਰੋਕਣ ਲਈ ਹਰ ਕਿਲ੍ਹਾ ਜਿਸ ਬਾਰੇ ਸੋਚਿਆ ਜਾ ਸਕਦਾ ਸੀ ਵਰਤਦੇ ਸਨ। ਉਹਦੀ ਜ਼ਿੰਦਗੀ ਦਾ ਮਕਸਦ ਸਭ ਤੋਂ ਉੱਪਰ ਸੀ ਅਤੇ ਉਸ ਨਾਲ ਆਪਣਾ ਕੰਮ ਪੂਰਾ ਕਰਨ ਵਿਚ ਉਸ ਨੂੰ ਕਾਮਯਾਬੀ ਮਿਲੀ ਸੀ। ਲੋਕਾਂ ਨੇ ਯਰੂਸ਼ਲਮ ਦੀ ਕੰਧ ਦੇ ਬਣ ਜਾਣ ਤੇ ਉਸ ਦੀ ਚੱਠ ਕਰਨ ਵੇਲੇ ਇਸ ਪ੍ਰਾਪਤੀ ਦਾ ਜਸ਼ਨ ਵੱਡੇ ਜੋਸ਼ ਨਾਲ ਮਨਾਇਆ (12:27–43)।

ਯਿਸੂ ਨੇ ਵੀ ਇੱਕੋ ਟੀਚੇ ਨੂੰ ਹਾਸਲ ਕਰਨ ਲਈ ਆਪਣੇ ਆਪ ਨੂੰ ਦੇ ਦਿੱਤਾ। ਯਿਸੂ ਨੇ ਆਖਿਆ ਕਿ ਉਹਦਾ ਟੀਚਾ ਆਪਣੇ ਪਿਤਾ ਦੀ ਇੱਛਾ ਨੂੰ ਪੂਰਾ ਕਰਨ ਦਾ ਸੀ (ਯੂਹੰਨਾ 6:38)। ਉਹ ''ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ'' (ਲੂਕਾ 19:10) ਅਤੇ ''ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' ਸੀ (ਮੱਤੀ 20:28)। ਉਸ ਦੀ ਇਕਾਗਰ ਸੋਚ ਵਾਲਾ ਮਕਸਦ ਉਸ ਨੂੰ ਸਲੀਬ ਤੇ ਲੈ ਗਿਆ, ਜਿੱਥੇ ਉਸ ਨੇ ਸ਼ਤਾਨ ਉੱਤੇ ਫ਼ਤਹਿ ਪਾਈ ਅਤੇ ਮਨੁੱਖ ਜਾਤੀ ਲਈ ਸੁਰਗ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਇਕਾਗਰ ਸੋਚ ਵਾਲਾ ਇਕ ਹੋਰ ਵਿਅਕਤੀ ਪੌਲੁਸ ਸੀ, ਜਿਸ ਨੇ ਲਿਖਿਆ, ''ਹੇ ਭਰਾਵੋ, ਮੈਂ ਆਪਣੇ ਲਈ ਇਹ ਨਹੀਂ ਸਮਝਦਾ ਜੋ ਮੈਂ ਅਜੇ ਹੱਥ ਪਾ ਲਿਆ ਹੈ ਪਰ ਐਨਾ ਹੈ ਜੋ ਮੈਂ ਪਿਛਲੀਆਂ ਗੱਲਾਂ ਨੂੰ ਭੁਲਾ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ ਅਗਾਹਾਂ ਵਧ ਕੇ ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ੁਰ ਦੀ ਵੱਲੋਂ ਮਸੀਹ ਯਿਸੂ ਵਿਚ ਹੈ'' (ਫ਼ਿਲਿੱਪੀਆਂ 3:13, 14)। ਪੌਲੁਸ ਨੇ ਵੱਖੋ–ਵੱਖ ਸਮਿਆਂ ਵਿਚ ਬਹੁਤ ਸਾਰੀਆਂ ਵੱਖੋ ਵੱਖ ਚੀਜ਼ਾਂ ਕੀਤੀਆਂ, ਪਰ ਉਹ ਸਭ ਉਹ ''ਇਕ ਚੀਜ਼'' ਜਿਹੜੀ ਯਿਸੂ ਮਸੀਹ ਦੇ ''ਨਿਸ਼ਾਨੇ ਵੱਲ ਦੱਬੀ ਜਾਣਾ'' ਸੀ, ਜ਼ਿੰਦਗੀ ਦੇ ਮਕਸਦ, ਨੂੰ ਹਾਸਿਲ ਕਰਨਾ ਬਾਕੀ ਦੀਆਂ ਗੱਲਾਂ ਉਸਦੀ ਮਦਦ ਲਈ ਉਸਦੀਆਂ ਸਹਾਇਕ ਅਤੇ ਮਦਦ ਲਈ ਹਨ!

ਪ੍ਰਭਾਵਸ਼ਾਲੀ ਲੀਡਰ ਪੌਲੁਸ ਵਰਗੇ ਹੁੰਦੇ ਹਨ ਭਾਵ ਉਹ ਵੱਖੋ ਵੱਖ ਸਮਿਆਂ ਤੇ ਵੱਖੋ ਵੱਖ ਗੱਲਾਂ ਕਰ ਸਕਦੇ ਹਨ, ਪਰ ਜੋ ਕੁਝ ਵੀ ਉਹ ਕਰਦੇ ਹਨ ਉਹ ਉਸ ਮਕਸਦ ਨੂੰ ਹਾਸਿਲ ਕਰਨ ਦਾ ਭਾਵ ਉਸ ''ਇਕ ਗੱਲ'' ਨੂੰ ਪਾਉਣ ਦਾ ਜ਼ਰੀਆ ਹੁੰਦਾ ਹੈ ਜਿਹੜੀ ਉਨ੍ਹਾਂ ਨੇ ਆਪਣੀ ਲੀਡਰਸ਼ਿਪ ਦੇ ਰਾਹੀਂ ਹਾਸਿਲ ਕਰਨ ਦਾ ਧਾਰਿਆ ਹੁੰਦਾ ਹੈ।

ਮਸੀਹ ਲਈ ਆਗੂਆਂ ਨੂੰ, ਬੇਸ਼ੱਕ ਦੂਜੇ ਹਰ ਮਸੀਹੀ ਵਾਂਗ, ਆਪਣਾ ਮੁੱਖ ਮਕਸਦ ਸੁਰਗ ਵਿਚ

ਜਾਣਾ ਅਤੇ ਆਪਣੇ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਲੈ ਕੇ ਜਾਣਾ ਹੋਣਾ ਚਾਹੀਦਾ ਹੈ। ਪਰ ਉਹ ਦੂਜਿਆਂ ਨੂੰ ਨਿਰਦੇਸ਼ ਦਿੰਦੇ ਜਾਂ ਉਨ੍ਹਾਂ ਦੀ ਅਗਵਾਈ ਕਰਦੇ ਹਨ, ਇਸ ਕਰਕੇ ਉਨ੍ਹਾਂ ਨੂੰ ਉਨ੍ਹਾਂ ਟੀਚਿਆਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਜਿਹੜੇ ਲੀਡਰਾਂ ਦੇ ਰੂਪ ਵਿਚ ਉਨ੍ਹਾਂ ਨੂੰ ਹਾਸਿਲ ਕਰਨ ਦੀ ਉਮੀਦ ਸੀ। ਉਨ੍ਹਾਂ ਵੱਲੋਂ ਅਤੇ ਮੰਡਲੀਆਂ ਵੱਲੋਂ ਜਿਨ੍ਹਾਂ ਦੀ ਉਹ ਅਗਵਾਈ ਕਰਦੇ ਹਨ, ਠਹਿਰਾਏ ਗਏ ਟੀਚੇ ਬਹੁਅਰਥੀ ਪਰ ਨਾਲ ਨਾਲ ਯਥਾਰਥਕਵਾਦੀ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਮੰਡਲੀ ਦੇ ਹਾਲਾਤ ਭਾਵ ਇਸ ਦੀ ਤਾਕਤ ਅਤੇ ਇਸ ਦੀ ਕਮਜ਼ੋਰੀ, ਇਸ ਦੀਆਂ ਮੁਸ਼ਕਿਲਾਂ ਅਤੇ ਇਸ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਣ, ਪਰ ਇਸ ਦੇ ਨਾਲ ਹੀ ਪ੍ਰਭੂ ਦੀ ਯੋਗਤਾ ਨੂੰ ਪਛਾਣਨਾ ਵੀ ਜ਼ਰੂਰੀ ਹੈ ਕਿ ਜਦ ਉਸ ਦੀ ਸ਼ਕਤੀ ਸਾਡੇ ਰਾਹੀਂ ਕੰਮ ਕਰ ਰਹੀ ਹੁੰਦੀ ਹੈ ਤਾਂ ਉਹ ਸਾਡੀ ਉਮੀਦ ਨਾਲੋਂ ਵੱਧ ਕਰ ਸਕਦਾ ਹੈ (ਅਫ਼ਸੀਆਂ 3:20)।

ਲੀਡਰ ਵੱਲੋਂ ਫ਼ੈਸਲਾ ਲੈ ਲੈਣ ਤੋਂ ਬਾਅਦ ਕਿ ਉਹ ਕੀ ਹਾਸਿਲ ਕਰਨਾ ਚਾਹੁੰਦਾ ਹੈ ਜਾਂ ਉਹਦਾ ਕੀ ਵਿਸ਼ਵਾਸ ਹੈ ਕਿ ਖ਼ੁਦਾ ਉਹਦੇ ਰਾਹੀਂ ਕੀ ਹਾਸਿਲ ਕਰਨਾ ਚਾਹੁੰਦਾ ਹੈ, ਉਸ ਨੂੰ ਉਸ ਮਕਸਦ ਨੂੰ ਹਾਸਿਲ ਕਰਨ ਲਈ ਦਿਲੋਜਾਨ ਨਾਲ ਲਗ ਜਾਣਾ ਜ਼ਰੂਰੀ ਹੈ। ਉਸ ਨੂੰ ਟੀਚਾ ਹਾਸਿਲ ਕਰਨ ਵਾਲਾ ਵਿਅਕਤੀ ਹੋਣਾ ਜ਼ਰੂਰੀ ਹੈ। ਨਹਮਯਾਹ ਵਾਂਗ ਉਹ ਨੂੰ ਚਾਹੀਦਾ ਹੈ ਕਿ ਉਹ ਕਿਸੇ ਨੂੰ ਆਪਣਾ ਧਿਆਨ ਨਾ ਹਟਾਉਣ ਦੇਵੇ ਜਾਂ ਨਿਰਾਸ਼ ਨਾ ਹੋਵੇ। ਉਸ ਦਾ ਮਿਸ਼ਨ ਉਸ ਦੀ ਜ਼ਿੰਦਗੀ ਉੱਤੇ ਹਾਵੀ ਹੋਣਾ ਜ਼ਰੂਰੀ ਹੈ।

ਬੇਸ਼ੱਕ ਉਸ ਨੂੰ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਸ ਦੇ ਕੈਰੀਅਰ ਨੂੰ ਆਕਾਰ ਦੇਣ ਵਾਲਾ ਅਤੇ ਉਸ ਦੇ ਕੰਮਾਂ ਨੂੰ ਤੈਅ ਕਰਨ ਵਾਲਾ ਟੀਚਾ ਇਸ ਯੋਗ ਹੈ। ਨਾਲੇ ਉਸ ਨੂੰ ਆਪਣੀਆਂ ਕੋਸ਼ਿਸ਼ਾਂ ਵਿਚ ਸਿਰਫ਼ ਸਹੀ ਤਰੀਕੇ ਵਰਤਣ ਲਈ ਖ਼ਬਰਦਾਰ ਰਹਿਣਾ ਜ਼ਰੂਰੀ ਹੈ। ਉਹਦੇ ਲਈ ਉਸ ਟੀਚੇ ਨੂੰ ਹਾਸਿਲ ਕਰਨ ਲਈ ਜਿਹੜਾ ਉਹ ਦੂਜਿਆਂ ਤੋਂ ਕਰਵਾਉਣ ਦੀ ਉਮੀਦ ਕਰਦਾ ਹੈ, ਸਭ ਕੁਝ ਦੇ ਦੇਣਾ ਅਤੇ ਉਸ ਤਕ ਪਹੁੰਚਣ ਤੋਂ ਰੋਕਣ ਲਈ ਕਿਸੇ ਨੂੰ ਅੱਗੇ ਨਾ ਆਉਣ ਦੇਣਾ ਜ਼ਰੂਰੀ ਹੈ।

ਸਾਰ। ਲਗਭਗ ਕੋਈ ਵੀ ਸਾਰਥਕ ਚੀਜ਼ ਅਚਾਨਕ ਹਾਸਿਲ ਨਹੀਂ ਹੁੰਦੀ। ਪ੍ਰਭਾਵਸ਼ਾਲੀ ਲੀਡਰਾਂ ਨੂੰ ਆਪਣੇ ਟੀਚਿਆਂ ਦਾ ਪਤਾ ਹੁੰਦਾ ਅਤੇ ਉਨ੍ਹਾਂ ਨੇ ਉਸ ਨੂੰ ਹਾਸਿਲ ਕਰਨ ਲਈ ਧਾਰਿਆ ਹੁੰਦਾ ਹੈ।

ਟਿੱਪਣੀਆਂ

[1]ਮੂਲ ਵਿਚ ‘‘ਭਰਾਵਾਂ’’ ਹੀ ਹੈ। [2]ਜੋਸੇਫ਼ਸ *ਐਂਟਿਕੁਇਟੀਜ਼* 7.14.7. ਡੇਰੇਕ ਕਿਡਨਰ ਨੇ ਇਸ ਅਧਿਆਇ ਵਿਚ ਮਿਲਣ ਵਾਲੀ ਗਿਣਤੀ ਅਤੇ ਬਾਈ ਨਾਵਾਂ ਵਿਚਕਾਰ ਸਪੱਸ਼ਟ ਫ਼ਰਕ ਦੀਆਂ ਦੋ ਸੰਭਾਵਿਤ ਵਿਆਖਿਆਵਾਂ ਦਿੱਤੀਆਂ ਹਨ: (1) ‘‘ਦੋ ਨਾਂਅ ਨਕਲ ਉਤਾਰਦਿਆਂ ਰਹਿ ਗਏ, ਜਿਵੇਂ ਇਸ ਸੂਚੀ ਵਾਲਾ ਇਕ ਨਾਂਅ (ਹੱਟੂਸ਼, ਆਇਤ 2) ਆਇਤਾਂ 12–21 ਵਿਚ ਦੁਬਾਰਾ ਨਹੀਂ ਆਇਆ।’’ (2) ‘‘ਹੋ ਸਕਦਾ ਹੈ ਕਿ ਪੂਰੀ [ਡਿਊਟੀ ਲਿਸਟ] ਅਜੇ ਨਾ ਮਿਲੀ ਹੋਵੇ’’ (ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979], 122)। [3]ਐਲੀਫਨਟਾਈਨ ਪੇਪਿਰੀ ਵਿਚ ‘‘ਯਹੋਹਾਨਾਨ’’ ਨਾਂਅ ਦੇ ਇਕ ਪ੍ਰਧਾਨ ਜਾਜਕ ਦਾ ਜ਼ਿਕਰ ਹੈ (ਲਗਭਗ 407 ਈ.ਪੂ.)। (*ਦ ਕੌਨਟੈਕਸਟ ਆਫ਼ ਸਕ੍ਰਿਪਚਰ*, ਸੰਪਾ. ਵਿਲੀਅਮ ਡਬਲਯੂ. ਹੈਲੋ [ਬੋਸਟਨ: ਬ੍ਰਿਲ, 2003], 3:128 ਵਿਚ ਬੇਜ਼ਾਲੇਲ ਪੋਰਟਨ, ਅਨੁ., ‘‘ਰਿਕੁਏਸਟ ਫ਼ਾਰ ਲੈਟਰ ਆਫ਼ ਰਿਕਮੰਡੇਸ਼ਨ।’’)। [4]ਜੋਸੇਫ਼ਸ *ਐਂਟਿਕੁਇਟੀਜ਼* 11.8.2, 4–5. [5]ਕੀਥ ਐੱਨ. ਸ਼ੋਵਿੱਲ ਨੇ ਇਹ ਮੰਨਿਆ ਕਿ ਇਸ ਸੂਚੀ ਵਾਲਾ ‘‘ਯੱਦੂਆ’’ ਉਹੀ ਵਿਅਕਤੀ ਹੈ ਜਿਸ ਦਾ ਜ਼ਿਕਰ ਜੋਸੇਫ਼ਸ ਨੇ ਕੀਤਾ। ਉਸ ਨੇ ਉਸ ਦੇ ਨਾਮ ਨੂੰ ‘‘ਇਸ ਸੂਚੀ ਵਿਚ ਬਾਅਦ ਵਿਚ ਜੋੜਿਆ ਗਿਆ’’ ਮੰਨਿਆ ਤੇ ਕਿਹਾ ਕਿ ‘‘ਇਹ ਵੀ ਹੋ ਸਕਦਾ ਹੈ ਕਿ ਕੁਝ ਨਾਂਅ ਇਸ

ਸੂਚੀ ਵਿੱਚੋਂ ਕੱਢ ਦਿੱਤੇ ਗਏ (ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ,* ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 248)। [6]ਸਪੈਲਿੰਗਾਂ ਵਿਚ ਫ਼ਰਕ ਤਿੰਨ ਵਰਗਾਂ ਵਿਚ ਆਉਂਦੇ ਹਨ: (1) ਨਾਂਅ ਵਿਚ ਇਕ ਵਾਧੂ ਅੱਖਰ ਜੋੜ ਦਿੱਤਾ ਗਿਆ ਹੈ; (2) ਮਿਲਦੇ–ਜੁਲਦੇ ਇਬਰਾਨੀ ਅੱਖਰ ਉਲਝਾਉਣ ਵਾਲੇ ਹਨ, ਜਾਂ (3) ਦੋ ਅੱਖਰਾਂ ਦੀ ਤਰਤੀਬ ਬਦਲੀ ਗਈ। [7]ਐੱਫ਼. ਚਾਰਲਸ ਫ਼ੈਂਸ਼ਮ, *ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 252. [8]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ,* ਵਰਡ ਬਿਬਲੀਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸ: ਵਰਡ ਬੁਕਸ, 1985), 365. [9]ਇੱਥੇ ਜਿਸ ''ਇਤਹਾਸ ਦੀ ਪੋਥੀ'' ਦੀ ਗੱਲ ਕੀਤੀ ਗਈ ਹੈ ਉਹ ਪੁਰਾਣੇ ਨੇਮ ਵਿਚ ਮਿਲਣ ਵਾਲੀਆਂ 1 ਅਤੇ 2 ਇਤਹਾਸ ਦੀਆਂ ਪੁਸਤਕਾਂ ਨਾਲ ਨਹੀਂ ਮਿਲਾਈ ਜਾਣੀ ਚਾਹੀਦੀ। [10]ਫ਼ੈਂਸ਼ਮ, 253.

[11]ਉੱਥੇ ਹੀ। [12]ਕਿਡਨਰ, 125. [13]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 235. [14]ਬਾਈਬਲ ਵਿਚ ਇਹ ਨਹੀਂ ਦੱਸਿਆ ਗਿਆ ਕਿ ਕੰਧ ਪੂਰੀ ਹੋ ਜਾਣ ਦੇ ਸਮੇਂ ਤੋਂ ਇਸ ਦੇ ਚੱਠ ਕੀਤੇ ਜਾਣ ਵਿਚ ਕਿੰਨਾਂ ਸਮਾਂ ਬੀਤਿਆ। ਇਹ ਸਮਾਂ ਸੰਭਵ ਤੌਰ ਤੇ ਸੰਖੇਪ ਸੀ, ਸ਼ਾਇਦ ਕੁਝ ਕੁ ਮਹੀਨਿਆਂ ਦਾ। ਇਹ ਬਹੁਤ ਘੱਟ ਸੰਭਾਵਨਾ ਹੈ ਕਿ ਬਾਰਾਂ ਸਾਲ ਜਾਂ ਇਸ ਨਾਲੋਂ ਵੱਧ ਦਾ ਸਮਾਂ ਲੰਘ ਗਿਆ, ਜਿਵੇਂ ਕਈਆਂ ਦਾ ਮੰਨਣਾ ਹੈ। [15]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1986), 3:526 ਵਿਚ ਵਿਲੀਅਮ ਡੀ. ਮਾਉਂਸ, ''ਨੇਥੋਫ਼।'' [16]ਜੋਜ਼ਫ਼ ਬਲੇਂਕਿਨਸੌਪ, *ਅਜ਼ਰਾ–ਨਹਮਯਾਹ,* ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1988), 344. [17]ਕੈਥਲੀਨ ਐੱਮ. ਕਿਨਯੋਨ, *ਜਰੂਸਲੇਮ: ਐਕਸਕੇਵੇਟਿੰਗ 3000 ਯੀਅਰਸ ਆਫ਼ ਹਿਸਟਰੀ* (ਨਿਊ ਯਾਰਕ: ਮੈਕਗ੍ਰਾ–ਹਿੱਲ ਬੁਕ ਕੰ., 1967), 111. [18]ਈਲਾਟ ਮਜ਼ਾਰ, ''ਉਹ ਕੰਧ ਜਿਹੜੀ ਨਹਮਯਾਹ ਨੇ ਬਣਾਈ ਸੀ,'' *ਬਿਬਲੀਕਲ ਆਰਕਿਉਲੋਜੀ ਰੀਵਿਉ* 35, ਨੰ. 2 (ਮਾਰਚ–ਅਪ੍ਰੈਲ 2009): 30. [19]ਇਨ੍ਹਾਂ ਵਿੱਚੋਂ ਬਹੁਤੀਆਂ ਥਾਂਵਾਂ ਤੇ ਚਰਚਾ ਅਧਿਆਇ 3 ਉੱਤੇ ਟਿੱਪਣੀਆਂ ਵਿਚ ਕੀਤੀ ਗਈ ਹੈ। [20]ਲੈਸਟਰ ਐੱਲ. ਗਰੈਬ, *ਅਜ਼ਰਾ–ਨਹਮਯਾਹ,* ਓਲਡ ਟੈਸਟਾਮੈਂਟ ਰੀਡਿੰਗਜ਼ (ਨਿਊ ਯਾਰਕ: ਰੂਟਲੇੱਜ, 1998), 63.